ਮਾਸਕ ਪੱਤਰ


# ਸੂਰਾ

ਅੰਮ੍ਰਿਤਸਰ AMRITSAR

## ਗੁਰਦਵਾਰਾ ਫ਼ਤਹਗੜ੍ਹ ਸਾਹਿਬ, ਸਰਹੰਦ

ਦਸੰਬਰ ੧੯੭੭

DEC. 1977



ਜਿਥੇ ਦਸਮੇਸ਼ ਜੀ ਦੇ ਛੋਟੇ ਸਾਹਿਬਜ਼ਾਦੇ ਕੰਧਾਂ ਵਿਚ ਚਿਣੇ ਗਏ

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿਠੀ ੩/੭੦-੬੮-੨੧ (ਮਿਤੀ ੧੭-੧੦-੬੮ ਅ. ਪ. ਅਨੁਸਾਰ)
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬ੍ਰੇਰੀਆਂ ਲਈ ਪਰਵਾਨ ਹੈ।

# ਤਤਕਰਾ


| | | |
|---|---|---|
| ਅਨਦੁ ਗਰੀਬੀ ਸਾਧ ਸੰਗਿ | ਸੂਹੀ ਮਹਲਾ ੫ | ੧ |
| ਗੁਰੂ ਅਕਾਲ ਪੁਰਖ ਦਾ ਧਿਆਨ ਕਿਵੇਂ ਧਰੀਦਾ ਹੈ ? | ਭਾਈ ਸਾਹਿਬ ਰਣਧੀਰ ਸਿੰਘ ਜੀ | ੨ |
| ਜਾਪੁ ਸਾਹਿਬ –ਕਾਵਿ ਅਨੁਵਾਦ | ਜੇ. ਪੀ. ਸੰਗਤ ਸਿੰਘ ਜੀ | ੮ |
| ਗੁਰਬਾਣੀ (ਕਵਿਤਾ) | ਗਿ: ਗੋਪਾਲ ਸਿੰਘ ਜੀ ਮਿਤਰ | ੧੧ |
| ਨਨਕਾਣਾ ਅਜ਼ਾਦ ਹੋਵੇ ! (ਕਾਵਿ ਰੂਪ) | ਸ: ਤਰਲੋਚਨ ਸਿੰਘ ਜੀ | ੧੨ |
| ਦੀਵਾਲੀ (ਕਵਿਤਾ) | ਸ: ਦੇਵਾ ਸਿੰਘ ਜੀ ਕਿਰਤੀ | ੧੨ |
| ਅਬਦਾਲੀ ਤੇ ਸਿਖ | ਕੈਪਟਨ ਸਵਰਨ ਸਿੰਘ ਜੀ | ੧੩ |
| ਤੇਰੈ ਭਰੋਸੈ ਪਿਆਰੇ ਮੈ ਲਾਡ ਲਡਾਇਆ | ਸਾਰੰਗ ਜੀ ਕਪੂਰਥਲਾ | ੧੯ |
| ਖ਼ਾਲਸਾ ਜੀ ਕੇ ਬੋਲ ਬਾਲੇ | ਭਾਈ ਜੋਗਿੰਦਰ ਸਿੰਘ ਜੀ | ੨੧ |
| ਕੀਰਤਨ ਦੀ ਕਰਾਮਾਤ | ਪਰਦੇਸੀ ਵੀਰ | ੨੭ |
| ਯੂ. ਕੇ. ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਾ | | ੩੦ |
| ਭਗਉਤੀ ਪਦ-ਅਰਥ ਨਿਰਣਯ | ਗਿਆਨੀ ਹਰਬੰਸ ਸਿੰਘ ਜੀ | ੩੧ |
| ਸਰਬ ਹਿੰਦ ਗੁਰਦਵਾਰਾ ਐਕਟ | — — | ੩੬ |
| Tribute to American Sikhs | Sqn. Ldr. Ram Singh ji | ੪੨ |


| | |
|---|---|
| ਸ੍ਰੀ ਗੁਰੂ ਗੋਬਿੰਦ ਸਿੰਘ ਜੀ ਗੁਰਿਆਈ | ੧੩ ਦਸੰਬਰ |
| ਸ੍ਰੀ ਗੁਰੂ ਤੇਗ ਬਹਾਦਰ ਜੀ ਜੋਤੀ ਜੋਤਿ | ੧੪ ਦਸੰਬਰ |
| ਸ਼ਹੀਦੀ ਵਡੇ ਸਾਹਿਬਜ਼ਾਦੇ (ਚਮਕੌਰ ਸਾਹਿਬ) | ੨੨ ਦਸੰਬਰ |
| ਸ਼ਹੀਦੀ ਛੋਟੇ ਸਾਹਿਬਜ਼ਾਦੇ (ਸਰਹੰਦ) | ੨੭ ਦਸੰਬਰ |

## 'ਸੂਰਾ' ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | |
|---|---|
| ਸ: ਸੁਖਦੇਵ ਸਿੰਘ ਨਿਮਾਣਾ, ਤਲਵਾੜਾ ਤੋਂ ਭੁਜੰਗੀ ਦੇ ਅਨੰਦ ਕਾਰਜ ਦੀ ਖੁਸ਼ੀ ਵਿਚ | 51-00 |
| ਸ: ਮਲਕੀਅਤ ਸਿੰਘ ਤੇ ਸਾਥੀ, ਗ੍ਰੇਵਜ਼ੈਂਡ ਇੰਗਲੈਂਡ ਤੋਂ | 148-60 |
| ਡਾ: ਦਲਬੀਰ ਸਿੰਘ ਜੀ ਦਿੱਲੀ ਤੋਂ | 11-00 |
| ਸ: ਬਲਦੇਵ ਸਿੰਘ ਜੀ M.A. ਨਬ੍ਹ ਕਾ ਬੁਰਜ ਤੋਂ | 5-00 |
| ਭਾ: ਗੁਰਬਚਨ ਸਿੰਘ ਜੀ ਪੰਜਾਬੀ ਟੀਚਰ ਬੋਪਾਰਾਏ ਤੋਂ | 5-00 |
| ਸ: ਸੁਰਿੰਦਰ ਸਿੰਘ S.D.O. ਸੰਸਾਰਪੁਰ ਤੋਂ | 5-00 |
| ਡਾ: ਤਾਰਾ ਸਿੰਘ ਜੀ ਪੱਟੀ ਤੋਂ | 11-00 |
| ਗਿ: ਜਵਾਹਰ ਸਿੰਘ ਸੰਧੂ ਪੱਟੀ ਤੋਂ | 11-00 |
| ਸ: ਸੇਵਕ ਸਿੰਘ ਜੀ ਭੂਨਾ ਤੋਂ | 11-00 |
| ਭਾ: ਸੁਰਿੰਦਰ ਸਿੰਘ ਭੱਟੀ ਅੰਮ੍ਰਿਤਸਰ ਤੋਂ ਅਖੰਡਪਾਠ ਸਮਾਗਮ ਸਮੇਂ | 40-00 |
| ਸ: ਅਜੀਤ ਸਿੰਘ ਜੀ ਹਰਸਾ ਛੀਨਾ ਤੋਂ | 5-00 |
| ਸ: ਕਰਮ ਸਿੰਘ ਜੀ ਦਸੂਹਾ ਤੋਂ | 5-00 |
| ਸ: ਅਜੀਤ ਸਿੰਘ ਜੀ ਡਰਬੀ ਇੰਗਲੈਂਡ ਤੋਂ | 14-86 |

ਵਾਹਿਗੁਰੂ ਸਭ ਨੂੰ ਨਾਮ ਦਾਨ ਤੇ ਖੁਸ਼ੀਆਂ ਬਖ਼ਸ਼ਣ।

ਗੰਭੀਰ ਪ੍ਰਿੰਟਿੰਗ ਪ੍ਰੈਸ, ਚੌਕ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੩.੧੨.੭੭ ਨੂੰ ਪ੍ਰਕਾਸ਼ਤ ਕੀਤਾ।

ਟੈਲੀਫੋਨ ਨੰਬਰ 5 1 8 4 7

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

੧ਓ ਵਾਹਿਗੁਰੂ ਜੀ ਕੀ ਫਤਹਿ॥

# ਸੂਰਾ

ਮਾਸਕ ਅੰਮ੍ਰਿਤਸਰ ਪੱਤਰ


ਸਾਲਾਨਾ ਚੰਦਾ ੮–੦੦
ਇਕ ਪਰਚਾ ੦–੭੫
ਪਰਦੇਸ
ਸਮੁੰਦਰੀ ਡਾਕ ੧੮–੫੦
ਹਵਾਈ ਡਾਕ
ਅਰਬ, ਮਲਾਇਆ ੩੫–੦੦
ਯੂ. ਕੇ., ਅਫਰੀਕਾ ੪੫–੦੦
ਕੈਨੇਡਾ, ਅਮਰੀਕਾ ੫੫–੦੦



**ਸੰਪਾਦਕੀ ਬੋਰਡ**
ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਗਿ: ਜਸਵੰਤ ਸਿੰਘ
ਗਿ: ਗੁਰਬਚਨ ਸਿੰਘ
ਭਾਈ ਸੇਵਾ ਸਿੰਘ



ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵੱਲੋਂ ਗੁਰਮਤਿ ਮਾਸਕ ਪੱਤਰ

ਜਿਲਦ ੧੧ | ਦਸੰਬਰ ੧੯੭੭ | ਅੰਕ ੧੨


## ਅਨਦੁ ਗਰੀਬੀ ਸਾਧ ਸੰਗਿ

ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ ॥
ਕਿਤਹੀ ਕਾਮਿ ਨ ਧਉਲਹਰ ਜਿਤੁ ਹਰਿ ਬਿਸਰਾਏ ॥੧॥ਰਹਾਉ॥
ਅਨਦੁ ਗਰੀਬੀ ਸਾਧ ਸੰਗਿ ਜਿਤੁ ਪ੍ਰਭ ਚਿਤਿ ਆਏ ॥
ਜਲਿ ਜਾਉ ਏਹੁ ਬਡਪਨਾ ਮਾਇਆ ਲਪਟਾਏ ॥੧॥
ਪੀਸਨੁ ਪੀਸਿ ਓਢਿ ਕਾਮਰੀ ਸੁਖੁ ਮਨੁ ਸੰਤੋਖਾਏ ॥
ਐਸੋ ਰਾਜੁ ਨ ਕਿਤੈ ਕਾਜਿ ਜਿਤੁ ਨਹ ਤ੍ਰਿਪਤਾਏ ॥੨॥
ਨਗਨਿ ਫਿਰਤ ਰੰਗਿ ਏਕ ਕੈ ਓਹੁ ਸੋਭਾ ਪਾਏ ॥
ਪਾਟ ਪਟੰਬਰ ਬਿਰਥਿਆ ਜਿਹ ਰਚਿ ਲੋਭਾਏ ॥੩॥
ਸਭੁ ਕਿਛੁ ਤੁਮ੍ਹਰੈ ਹਾਥਿ ਪ੍ਰਭ ਆਪਿ ਕਰੇ ਕਰਾਏ ॥
ਸਾਸਿ ਸਾਸਿ ਸਿਮਰਤ ਰਹਾ ਨਾਨਕ ਦਾਨੁ ਪਾਏ ॥੪॥੧॥੪੧॥

[ਸੂਹੀ ਮ: ੫, ਪੰਨਾ ੭੪੫


ਚਿੱਠੀ ਪੱਤਰ ਤੇ ਰਕਮ ਭੇਜਣ ਦਾ ਪਤਾ :—
ਮੈਨੇਜਰ, 'ਸੂਰਾ' ਮਾਸਕ ਪੱਤਰ, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ


www.AKJ.Org

# ਗੁਰੂ ਅਕਾਲ ਪੁਰਖ ਦਾ ਧਿਆਨ ਕਿਵੇਂ ਧਰੀਦਾ ਹੈ?

[ਵਲੋਂ—ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]

ਸਮਰਥ ਪੂਰਨ ਪਾਰਬ੍ਰਹਮ ਪ੍ਰਮੇਸ਼ਰ ਦਾ ਧਿਆਨ ਸੋਈ ਜਨ ਧਰ ਸਕਦਾ ਹੈ ਜਿਸ ਦਾ ਪੂਰਾ ਕਰਮ ਅੰਕੂਰ ਭਾਗ ਜਾਗਿਆ ਹੋਵੇ। ਅਗਮ ਅਗੋਚਰ ਅਦ੍ਰਿਸ਼ਟ ਪਾਰਬ੍ਰਹਮ ਨਿਰੰਕਾਰ, ਜਿਸ ਦਾ ਕੋਈ ਆਕਾਰ ਨਹੀਂ, ਜੋ ਦ੍ਰਿਸ਼ਟਮਾਨ ਸਾਕਾਰ ਪਦਾਰਥਾਂ ਵਾਂਗੂ ਅਤੇ ਸਾਕਾਰ ਮੂਰਤੀਆਂ ਵਾਂਗੂ ਮੂਰਤੀਮਾਨ ਅਤੇ ਦ੍ਰਿਸ਼ਟੀ-ਗੋਚਰਾ ਨਹੀਂ, ਉਸਦਾ ਧਿਆਨ ਧਰਨਾ ਕੋਈ ਸੁਖਾਲੀ ਗੱਲ ਨਹੀਂ। ਜੋ ਵਾਹਿਗੁਰੂ ਅਕਾਲ ਮੂਰਤੀ ਵਾਲਾ ਹੈ, ਜਿਸ ਦਾ ਵਜੂਦ ਕਾਲ ਚਕਰ ਚਿਹਨ ਬਿਹੂਣਾ ਅਕਾਲ ਸਰੂਪਾ ਹੈ, ਉਸ ਦਾ ਕੋਈ ਧਿਆਨ ਧਰੇ ਤਾਂ ਕਿਵੇਂ ਧਰੇ? ਪੰਜ ਭੂਤਕ ਅਗਿਆਨ ਇੰਦਰੇ ਦ੍ਰਿਸ਼ਟਮਾਨ ਪਸਾਰੇ ਤੋਂ ਉਪਰ ਅਤੇ ਅਗੋਚਰੀ ਗਿਆਤ ਤੋਂ ਸਖਣੇ ਉਰੇ ਹਨ। ਗਿਆਤਕਾਰ ਦਾ ਗਿਆਤਕਾਰੀ ਧਿਆਨ ਤਾਂ ਧਿਆਨਿਆ ਜਾ ਸਕਦਾ ਹੈ, ਗਿਆਤ ਅਗੋਚਰੇ ਪੰਜ ਭੂਤਕ ਇੰਦਰਿਆਂ ਦੀ ਗਿਆਤ ਦਾਇਰੇ ਤੋਂ ਬਾਹਰ ਅਪਰੰਪਰੇ ਵਜੂਦ ਦਾ ਅਨੁਮਾਨ ਹੀ ਲਾਇਆ ਜਾ ਸਕਦਾ ਹੈ, ਉਸ ਦਾ ਅਪ੍ਰੋਕਸ਼ ਗਿਆਨ ਨਹੀਂ ਹੋ ਸਕਦਾ, ਨਾ ਹੀ ਧਿਆਨ ਜਮਾਇਆ ਜਾ ਸਕਦਾ ਹੈ।

ਆਨ ਮਤਾਂ ਵਾਲਿਆਂ ਨੂੰ ਤਾਂ ਕੀ ਆਖਣਾ ਹੈ, ਜਿਨ੍ਹਾਂ ਨੂੰ ਗੁਰਮਤਿ ਦਾ ਬੋਧ ਹੀ ਨਹੀਂ, ਅਸਾਡੇ ਗੁਰਮਤਿ ਮਤਿ ਅਵਲੰਬੀ ਕਈ ਭਲੇ ਅਤੇ ਉਘੇ ਉਘੇ ਸੰਤ ਮੰਡਲੀਆਂ ਵਾਲਿਆਂ ਨੂੰ ਭੀ ਧਿਆਨ ਧਰਨ ਦਾ ਥਹੁ ਪਤਾ ਨਹੀਂ। ਉਹ ਗੁਰਮਤਿ ਤੋਂ ਉਲਟ ਮਨ-ਆਈਆਂ ਉਕਤੀਆਂ ਯੁਕਤੀਆਂ ਵਾਲਾ ਯੱਕੜ ਧਿਆਨ, ਕੁਫਕੜ ਧਿਆਨ ਧਰਦੇ ਧਰਾਉਂਦੇ ਹਨ। ਕਈ ਤਾਂ ਆਨਮਤੀਆਂ ਦੀ ਰੀਸੇ ਮੂਰਤੀਆਂ ਨੂੰ ਮੂਹਰੇ ਰਖ ਕੇ ਧਿਆਨ ਜਮਾਉਣ ਦਾ ਕੁਫਕੜ ਰਚਦੇ ਹਨ। ਕਈ ਗੁਰੂ ਨਾਨਕ ਦੀ ਫ਼ੋਟੋ ਨੂੰ ਅਗੇ ਰਖ ਕੇ ਧਿਆਨ ਜਮਾਉਣੀ ਦ੍ਰਿਸ਼ਟੀ ਦਾ ਹੀ ਵਿਸ਼ਾ ਬਣਾਉਂਦੇ ਹਨ। ਕਈ ਗਏ-ਗੁਜ਼ਰੇ ਅਸੰਤ ਮਤੀ ਸੰਤ ਸਦਾਉਣ-ਹਾਰੇ ਆਪਣੀ ਹੀ ਤਸਵੀਰ ਪੂਜਾ ਦੇ ਦ੍ਰਿਸ਼ਟ-ਧਿਆਨ-ਪੂਜਾਰੀ ਲੋਕਾਂ ਨੂੰ ਬਣਾਉਂਦੇ ਹਨ। ਇਸ ਪਰਕਾਰ ਦੇ ਬੜੇ ਹੀ ਨੀਵੇਂ ਦਰਜੇ ਦੇ ਧਿਆਨ ਅਵਲੰਬੀ ਅਸਾਡੇ ਹੀ ਅੰਦਰ ਪੈਦਾ ਹੋ ਗਏ ਹਨ, ਜੋ ਗੁਰਮਤਿ ਦੇ ਤੱਤ ਧਿਆਨ-ਆਸ਼ੇ ਦੇ ਆਦਰਸ਼ ਤੋਂ ਕੋਸੋਂ ਦੂਰ ਹਨ। ਅਲਪੱਗ ਵਜੂਦ ਦੀ ਮੂਰਤੀ ਦਾ ਧਿਆਨ ਧਰਨਾ ਤਾਂ ਮਹਾਂ ਪਾਪ ਹੈ, ਸਰਬੱਗ ਸਤਿਗੁਰਾਂ ਦੀਆਂ ਪਰਚਲਤ ਫ਼ੋਟੋ ਤਸਵੀਰਾਂ ਸਭ ਫ਼ਰਜ਼ੀ ਹਨ, ਨਾ ਹੀ ਗੁਰੂ ਦੀ ਕੋਈ ਮੂਰਤੀ ਸਾਕਾਰਕ ਹੈ। "ਗੁਰ ਮੂਰਤਿ ਗੁਰ ਸਬਦੁ ਹੈ" ਐਸੀ ਗੁਰ ਦੀ ਮੂਰਤੀ ਦਾ ਧਿਆਨ ਅਸੀਂ ਮਨ ਮਾਹਿ ਜਮਾਉਣਾ ਹੈ। "ਗੁਰ ਕੀ ਮੂਰਤਿ ਮਨ ਮਹਿ ਧਿਆਨੁ"। **ਗੁਰੂ-ਸ਼ਬਦ ਨਾਲਿ ਸੁਰਤੀ ਜੋੜਨੀ, ਗੁਰੂ ਕੀ ਮੂਰਤਿ ਨਾਲ ਧਿਆਨ ਧਰਨਾ ਹੈ।** ਗੁਰ-ਸ਼ਬਦ ਨਾਲਿ ਸੁਰਤੀ ਜੋੜਨ ਦਾ ਪਹਿਲਾ ਮਰਹਲਾ "ਸਬਦ ਗੁਰੂ ਸੁਰਤਿ ਧੁਨਿ ਚੇਲਾ" ਗੁਰਵਾਕ ਦੇ ਭਾਵ ਅਨੁਸਾਰ ਗੁਰੂ ਵਾਹਿਗੁਰੂ ਰੂਪੀ ਸ਼ਬਦ ਦੀ ਆਹਤ (ਅਵਾਜ਼) ਧੁਨੀ ਦੇ ਨਾਲਿ ਸੁਰਤੀ ਰੂਪੀ ਧਿਆਨ ਨੂੰ ਜੋੜਨਾ ਹੈ। ਧਿਆਨ ਰੂਪੀ ਚੇਲਾ ਜਦੋਂ ਤਾਈਂ ਸ਼ਬਦ ਧੁਨੀ ਰੂਪੀ ਗੁਰੂ ਨਾਲਿ ਨਾ ਜੁੜੇ ਤਦ ਤਾਈਂ ਗੁਰੂ ਤੇ ਚੇਲੇ ਦੀ, ਅਰਥਾਤ ਗੁਰੂ ਅਤੇ ਸਿਖ ਦੀ ਸੰਧ ਨਹੀਂ ਮਿਲਦੀ। ਸ਼ਬਦ ਦਾ ਅਭਿਆਸ ਭਾਵੇਂ ਰਸਨਾ ਰੂਪੀ ਬੈਖਰੀ ਬਾਣੀ ਉਚਾਰਨ ਦੁਆਰਾ ਹੋਵੇ, ਭਾਵੇਂ ਸੁਆਸਾਂ ਦੁਆਰਾ ਹੋਵੇ, ਉਸ ਦੀ ਧੁਨੀ ਜ਼ਰੂਰ ਹੈ, ਭਾਵੇਂ ਮਧਮ ਤੋਂ ਮਧਮ ਅਤੇ ਸੂਖਮ ਹੀ ਹੋਵੇ। ਪਹਿਲ ਪ੍ਰਿਥਮੇ ਅਭਿਆਸੀ ਜਨ ਇਸ ਸ਼ਬਦ ਧੁਨੀ ਨਾਲਿ ਸੁਰਤਿ ਜੋੜੇਗਾ। ਮੋੜ ਮੋੜ ਕੇ ਅਤੇ ਮੁੜ ਮੁੜ ਕੇ ਧਿਆਨ-ਸੁਰਤੀ ਨੂੰ ਸ਼ਬਦ-ਧੁਨੀ ਨਾਲ ਲਾਵੇਗਾ। ਜਿਉਂ ਜਿਉਂ ਲਾਵੇਗਾ ਅਤੇ ਜਿਤਨਾ ਜਿਤਨਾ ਲਾਵੇਗਾ, ਤਿਤਨਾ ਤਿਤਨਾ ਅਤੇ ਤਿਉਂ ਤਿਉਂ ਗੁਰ-ਸ਼ਬਦ ਦੀ ਪਾਰਸ-ਕਲਾ ਵਰਤੇਗੀ।



www.AKJ.Org

ਧਿਆਨ ਜੋੜਦੇ ਜੋੜਦੇ ਜਦੋਂ ਇਕ ਛਿਨ ਮਾਤ੍ਰ ਭੀ ਸਮੁਚਾ ਧਿਆਨ ਸਮੁਚੀ ਸੁਰਤੀ ਦਾ ਹਰਿਜਨ ਦਾ ਸਬਦ ਨਾਲਿ ਜੁੜ ਗਿਆ ਤਦੋਂ ਅਚਿੰਤੇ ਹੀ ਅੰਤਰਿ ਆਤਮੇ ਰਸ-ਜੋਤਿ-ਪ੍ਰਕਾਸ਼ ਦਾ ਚਮਤਕਾਰ ਬਿਜਲੀ-ਕਰੰਟ ਦੀ ਨਿਆਈਂ ਜ਼ਹੂਰ ਪਜ਼ੀਰ ਹੋ ਜਾਏਗਾ। ਰਸ-ਜੋਤਿ-ਪ੍ਰਕਾਸ਼-ਚਮਤਕਾਰੇ ਦਾ ਇਹ ਨਦਰ-ਮਿਹਰੀ-ਕ੍ਰਿਸ਼ਮਾ ਜਦੋਂ ਕ੍ਰਿਸ਼ਮਤ ਹੋ ਗਿਆ ਤਦੋਂ ਹੀ ਸ਼ਬਦ ਤੇ ਸੁਰਤਿ ਦਾ ਤਤ ਵਾਸਤਵੀ ਮੇਲਾਵਾ ਬਣ ਆਵੇਗਾ। ਰਸ-ਜੋਤਿ ਦੇ ਅਗਾਧ ਸੁਆਦ ਨੇ ਸਦਾ ਹੀ ਅਤੇ ਸੁਤੇ ਸੁਭਾਵ ਹੀ ਸੁਰਤਿ, ਸ਼ਬਦ ਵਲ ਜੋੜੀ ਰਖਣੀ ਹੈ। ਸ਼ਬਦ-ਅਭਿਆਸ ਦਾ ਅਸਲ ਅਨੰਦ ਹੀ ਅਭਿਆਸੀ ਜਨ ਨੂੰ ਇਸ ਅਵਸਥਾ ਵਿਖੇ ਆਉਣਾ ਹੈ। ਜਿਉਂ ਜਿਉਂ ਇਹ ਅਨੰਦ ਵਧੇਗਾ ਤਿਉਂ ਤਿਉਂ ਅਭਿਆਸ ਭੀ ਸਹਿਜ ਵਧਣੀ ਵਿਚ ਵਧਦਾ ਜਾਵੇਗਾ ਅਤੇ ਆਤਮ-ਜੋਤਿ-ਰਹੱਸਨੀ ਪ੍ਰਕਾਸ਼-ਕਲਾ ਦਾ ਪਸਾਰਾ ਭੀ ਅਧਿਕ ਤੋਂ ਅਧਿਕ ਪਸਰਦਾ ਜਾਵੇਗਾ। ਅੰਤਰਿ ਕ੍ਰਾਂਤੀ ਕਾਇਆਂ ਅੰਤ੍ਰੀਵੀ ਜੋਤਿ-ਪਸਾਰੇ ਦਾ ਪ੍ਰਕਾਸ਼ ਫੇਰ ਅੰਦਰੋਂ ਬਾਹਰਮੁਖੀ ਅਕਾਸ਼ ਪੁਲਾੜ ਦੇ ਅਕਾਰ ਪਸਾਰੇ ਵਿਚਿ ਸਾਰੇ ਹੀ ਪਸਰ ਨਿਕਲੇਗਾ। ਬਾਕੀ ਸਭ ਦੇਖਾ ਹੀ ਪਰਵਾਣ ਹੈ, ਕਹਿਬੇ ਕੋ ਸੋਭਾ ਨਹੀਂ। ਇਸ ਸਭ ਭਾਗਾਂ ਦੀ ਖੇਡ ਹੈ।ਯਥਾ ਗੁਰਵਾਕ—

ਤੂ ਸਮਰਥੁ ਪੂਰਨ ਪਾਰਬ੍ਰਹਮੁ ॥
ਸੋ ਧਿਆਏ ਪੂਰਾ ਜਿਸੁ ਕਰਮੁ ॥੧॥
(੪॥੨੩॥੩੪) [ਰਾਮਕਲੀ ਮ: ੫, ਪੰਨਾ ੮੯੩

ਗੁਰਮੁਖਾਂ ਦੇ ਇਸ ਗਿਆਨ-ਪ੍ਰਕਾਸ਼ੀ-ਜੋਤਿ-ਧਿਆਨ ਦੀ ਡੋਰੀ ਵਾਹਿਗੁਰੂ ਆਪ ਫੜ ਕੇ ਤੁਣਕਦਾ ਹੈ। ਅਤੇ ਗੁਰਮੁਖਾਂ ਨੇ ਭੀ ਕੇਵਲ ਗੁਰੂ ਵਾਹਿਗੁਰੂ ਪ੍ਰਾਇਣ ਹੋ ਕੇ ਇਹ ਗਿਆਨ-ਜੋਤੀਸ਼ੀ-ਧਿਆਨ-ਡੋਰੀ ਵਾਹਿਗੁਰੂ ਦੇ ਹੱਥ ਫੜਾਇ ਛਡੀ ਹੈ। ਆਪਣੀ ਮਨ-ਮਰਜ਼ੀ ਅਤੇ ਮਤਸਰੀ ਉਕਤੀ ਯੁਕਤੀ ਸਭ ਮਿਟਾਇ ਛਡੀ ਹੈ। ਜਿਧਰ ਨੂੰ ਉਹ ਖਿਚਦਾ ਹੈ ਤਿਸੇ ਵਲ ਉਹ ਧਾਵੰਦੇ, ਰੁਚੀ ਰੁਚਾਵੰਦੇ ਹਨ। ਮਨਮੁਖੀ ਦੀਵਾਨੇ ਕਮਲੇ ਲੋਕ ਅਕਲ ਲਤੀਫ਼ੀਓਂ ਅੰਨ੍ਹੇ ਲੋਕ, ਅੰਧ ਮਤਿ ਭਰਮ ਦੇ ਭੁਲਾਏ ਹੋਏ, ਪਏ ਮਨ-ਉਕਤੀ ਅਤੇ ਅਨਮਤ ਉਕਤੀ ਦੇ ਕਰਮ ਕਰਦੇ ਹਨ। ਉਨ੍ਹਾਂ ਦੇ ਹੱਥ ਕੁਛ ਨਹੀਂ ਆਉਂਦਾ, ਨਾ ਓਹਨਾਂ ਨੂੰ ਕੁਛ ਹਾਸਲ ਹੁੰਦਾ ਹੈ। ਭਾਗਾਂ ਬਿਨਾਂ ਭਲਾ ਕੀ ਮਿਲ ਸਕਦਾ ਹੈ। ਜੈਸਾ ਕਿ ਗੁਰਵਾਕ ਹੈ —

ਭਰਮਿ ਭੁਲਾਨੇ ਭਏ ਦਿਵਾਨੇ,
ਵਿਣੁ ਭਾਗਾ ਕਿਆ ਪਾਈਐ ॥
ਗੁਰਮੁਖਿ ਗਿਆਨੁ ਡੋਰੀ ਪ੍ਰਭਿ ਪਕੜੀ
ਜਿਨ ਖਿੰਚੈ ਤਿਨ ਜਾਈਐ ॥੪੧॥
[ਰਾਮਕਲੀ ਓਅੰਕਾਰੁ, ਪੰਨਾ ੯੩੫

ਜਿਨ੍ਹਾਂ ਦਾ ਭਾਗ ਖੁਲ੍ਹਦਾ ਹੈ ਜਾਗਦਾ ਹੈ, ਤਿਨ੍ਹਾਂ ਨੂੰ ਪ੍ਰਾਰਲਭਦੇ ਗੁਰੂ ਦੀ, ਸੱਚੇ ਸਤਿਗੁਰੂ ਦੀ ਪ੍ਰਾਪਤੀ ਹੁੰਦੀ ਹੈ ਅਤੇ ਗੁਰੂ-ਘਰ ਦੀ ਸਤਿ ਸੰਗਤ ਵਿਚ ਵਾਸਾ ਮਿਲਦਾ ਹੈ। ਤਿਥੋਂ ਪੰਜਾਂ ਪਿਆਰਿਆਂ ਦੀ ਸ਼ਰਨੀ ਆਏ ਨੂੰ ਗੁਰਮੰਤ੍ਰ ਦੀਖਿਆ, ਗੁਰਮੰਤ੍ਰ ਦੀ ਦਾਤਿ ਮਿਲਦੀ ਹੈ। ਤਿਸ ਗੁਰਦੀਖਿਆ ਗੁਰਮੰਤ੍ਰ ਦੀ ਅਥਾਤ ਅਭਿਆਸ ਕਮਾਈ ਕਰਕੇ ਅਤੇ ਸ਼ਬਦ ਸੁਰਤੀਸ਼ਰੀ ਅਖੰਡਾਕਾਰ ਧਿਆਨ ਧਰ ਕੇ ਨਿਰੰਕਾਰ ਵਾਹਿਗੁਰੂ ਸੱਚਾ ਸੁਆਮੀ ਮਿਲਦਾ ਹੈ। ਯਥਾ ਗੁਰਵਾਕ--

ਕਰਮੁ ਖੁਲਾ ਗੁਰੁ ਪਾਇਆ,
ਹਰਿ ਮਿਲਿਆ ਸੁਆਮੀ ॥੧੪॥
[ਮਾਰੂ ਵਾਰ ਡਖਣੇ ਮ: ੫, ਪੰਨਾ ੧੦੯੯

ਜਨਮ ਜਨਮ ਦੇ ਮਨਮਤੀ ਅਤੇ ਮਨਮੁਖੀ ਕੁਕਰਮਾਂ ਵਿਕਰਮਾਂ ਕਰਕੇ ਮਲੀਨ ਹੋਈ ਵੀ ਬੁਧੀ ਅੰਧ ਅਗਿਆਨ ਦੀ ਨੀਂਦੇ ਸੁੱਤੀ ਰਹਿੰਦੀ ਹੈ। ਸੁੱਤੀ ਪਈ ਤਦੇ ਹੀ ਜਾਗਦੀ ਹੈ ਜਦੋਂ ਅੰਧ ਮਤਿ ਬੁਧੀ ਵਾਲੇ ਦਾ ਕੋਈ ਕਰਮ-ਅੰਕੂਰੀ-ਭਾਗ ਜਾਗਦਾ ਹੈ। ਫੇਰ ਗੁਰੂ ਦੀ ਕਿਰਪਾ ਹੁੰਦੀ ਹੈ। ਗੁਰੂ ਕਿਰਪਾ ਕਰਦਾ ਹੈ ਤਾਂ ਇਹ ਮਨ ਜਾਗਦਾ ਹੈ, ਜਨਮ ਜਨਮ ਦਾ ਸੁੱਤਾ ਹੋਇਆ ਜਾਗ ਪੈਂਦਾ ਹੈ। ਤਾਂ ਇਸ ਮਨ ਦੀ ਦੁਰਮਤਿ ਮਤਿ-ਮਲੀਣੀ ਦੁਬਿਧਾ ਮਰਦੀ ਹੈ। ਯਥਾ ਗੁਰਵਾਕ—

ਕਰਮੁ ਹੋਵੈ ਗੁਰੁ ਕਿਰਪਾ ਕਰੈ ॥



www.AKJ.Org

ਇਹੁ ਮਨੁ ਜਾਗੈ ਇਸੁ ਮਨ ਕੀ ਦੁਬਿਧਾ ਮਰੈ ॥
॥੪॥ (੬'੫) [ਭੈਰਉ ਮ: ੩, ਪੰਨਾ ੧੧੨੯

ਪਰਮਾਰਥੀ ਆਸਤਕਤਾ ਵਾਲੇ ਵਾਹਿਗੁਰੂ ਦੇ ਪਾਸੇ ਸੋਈ ਜਨ ਲਗਦਾ ਹੈ ਅਤੇ ਸੋਈ ਵਾਹਿਗੁਰੂ ਦੀ ਸਰਨੀ ਆਉਂਦਾ ਹੈ ਜਿਸ ਦੇ ਗੁਰੂ ਨਾਨਕ ਦੀ ਕਿਰਪਾ ਨਾਲਿ ਪੂਰਨ ਭਾਗ ਜਾਗ ਪੈਂਦੇ ਹਨ—

ਕਹੁ ਨਾਨਕ ਜਾ ਕੈ ਪੂਰਨ ਕਰਮਾ ॥
ਸੋ ਜਨੁ ਆਇਆ ਪ੍ਰਭ ਕੀ ਸਰਨਾ ॥
॥੪॥੩੫॥੪੮॥ [ਭੈਰਉ ਮ: ੫, ਪੰਨਾ ੧੧੫੦

ਕਿਉਂਕਿ ਜਿਸ ਨੂੰ ਕਰਤਾਰ ਸੁਮਤਿ ਸੁਕਰਮੀ ਸੁਭਾਗ ਬਖਸ਼ਦਾ ਹੈ ਤਿਸ ਦੀ ਹੀ ਰੁਚੀ, ਗੁਰੂ ਘਰ ਦੀ ਸਤਿਸੰਗਤ ਕਰਨ ਦੀ ਸਚੜੀ ਕਾਰ ਵਲ ਲਗਦੀ ਹੈ। ਉਸ ਦਾ ਸਭ ਤੋਂ ਮੁਖ ਬਿਉਹਾਰ ਸਤਿਸੰਗ ਕਰਨਾ ਹੋ ਜਾਂਦਾ ਹੈ। ਯਥਾ ਗੁਰਵਾਕ--

ਜਿਸ ਨੋ ਕਰਮੁ ਕਰੇ ਕਰਤਾਰੁ ॥
ਸਾਧ ਸੰਗਿ ਹੋਇ ਤਿਸੁ ਬਿਉਹਾਰੁ ॥
॥੪॥੪੦॥੫੩॥ [ਭੈਰਉ ਮ: ੫, ਪੰਨਾ ੧੧੫੧

ਭਾਗਾਂ ਤੋਂ ਬਿਨਾਂ ਗੁਰੂ ਘਰ ਦਾ ਸਤਿਸੰਗ ਨਹੀਂ ਲਭਦਾ। ਅਤੇ ਭਾਗਾਂ ਤੋਂ ਬਿਨਾਂ ਵਾਹਿਗੁਰੂ ਦੀ ਭਗਤੀ ਨਹੀਂ ਹੁੰਦੀ। ਜਿਨ੍ਹਾਂ ਦੇ ਕਰਮਾਂ ਵਿਚ ਪੂਰਬ ਅੰਕੂਰੀ ਭਗਤੀ ਦਾ ਭਾਗੁ ਲਿਖਿਆ ਹੁੰਦਾ ਹੈ ਤਿਨ੍ਹਾਂ ਨੂੰ ਹੀ ਗੁਰੂ ਅਤੇ ਗੁਰੂ-ਘਰ ਦਾ ਪਰਮਾਰਥੀ ਸੁਹਾਗ ਪ੍ਰਾਪਤਿ ਹੁੰਦਾ ਹੈ। ਵਾਹਿਗੁਰੂ ਦਾ ਨਾਮ ਅਤੇ ਨਾਮੀ ਵਾਹਿਗੁਰੂ ਭੀ ਕਰਮ ਭਾਗ ਕਰਕੇ ਹੀ ਮਿਲਦਾ ਹੈ। ਯਥਾ ਗੁਰਵਾਕ--

ਬਿਨੁ ਭਗਤੀ ਨਹੀ ਸਤਿਗੁਰੁ ਪਾਈਐ,
ਬਿਨੁ ਭਾਗਾ ਨਹੀ ਭਗਤਿ ਹਰੀ ॥
ਬਿਨੁ ਭਾਗਾ ਸਤਸੰਗੁ ਨ ਪਾਈਐ,
ਕਰਮਿ ਮਿਲੈ ਹਰਿ ਨਾਮੁ ਹਰੀ।੨॥
(੪॥੪॥੧੨)
[ਬਸੰਤ ਹਿੰਡੋਲ ਮ: ੧, ਪੰਨਾ ੧੧੭੨

ਤਾਂ ਤੇ ਭਾਗਾਂ ਤੇ ਸ਼ਾਕਰ ਰਹਿਣਾ ਗੁਰਮਤਿ ਜਗਿਆਸੂ ਜਨ ਲਈ ਅਤਿ ਜ਼ਰੂਰੀ ਹੈ। ਨਿਰਾ ਪੂਰਾ ਨਿਜ ਕਰਤਤੀ ਕਰਮਾਂ ਦੀ ਆਕੜ ਤੇ ਰਹਿਣਾ ਮਹਾਂ ਮੂਰਖਤਾ ਹੈ। ਬਸ ਇਸ ਭਾਗ ਕਰਕੇ ਹੀ ਭਗਤੀ ਸੁਹਾਵੀ ਸਫਲ-ਫਲਾਵੀਂ ਹੋਂਦੀ ਹੈ। ਭਗਤੀ ਭਾਉ, ਤੁਠਾ ਸਤਿਗੁਰੂ ਹੀ ਬਖਸ਼ਦਾ ਹੈ। ਜੈਸੇ ਭਗਤੀ-ਭਾਉ ਸਤਿਗੁਰੂ ਦੀ ਬਖਸ਼ਿਸ਼ ਹੈ, ਤੈਸੇ ਹੀ ਸਤਿਗੁਰੂ ਦੀ ਬਖ਼ਸ਼ਸ਼ ਨਾਲਿ ਵਾਹਿਗੁਰੂ ਦੇ ਸਚਖੰਡੀ ਮਹਿਲ ਦਰਬਾਰ ਵਿਚਿ ਥਾਉਂ ਮਿਲਦੀ ਹੈ। ਭਾਉ ਪ੍ਰੇਮ ਭਾਵਨਾ ਸੇਤੀ ਭਗਤੀ ਕਰੀ ਜਾਣੀ ਪਰਮ ਹੁਕਮ ਰਜਾਈਕਰਮੁ ਹੈ। ਪ੍ਰੇਮਾ ਭਗਤੀ ਓਸੇ ਦੀ ਥਾਂਇ ਪੈਂਦੀ ਹੈ ਜੋ ਗੁਰਮੁਖ ਜਨ ਭਗਤੀ ਭਾਵ ਕਰਦਾ ਹੋਇਆ ਭੀ ਵਾਹਿਗੁਰੂ-ਮਿਲਾਪ ਰੂਪੀ ਸੁਫਲ ਫਲ ਦੀ ਪ੍ਰਾਪਤੀ ਹਿਤ ਹੀ, ਗੁਰੂ ਤੁਠੇ ਦੀ ਨਦਰ ਮਿਹਰ ਉਤੇ ਹੀ ਸ਼ਾਕਰ ਰਹਿੰਦਾ ਹੈ। ਆਪਣੇ ਭਗਤੀ ਰੂਪੀ ਸੁਕ੍ਰਿਤ ਕਰਮ ਉਤੇ ਹੀ ਸ਼ਾਕਰ ਨਹੀਂ ਰਹਿੰਦਾ। ਇਨ ਬਿਧਿ ਨਿਜ ਭਗਤੀ ਉਤੇ ਨਿਰਭਰ ਰਹਿਣਾ ਸੂਖਸ਼ਮ ਅਹੰਗਤਾ ਉਤਪਤੀ ਦਾ ਕਾਰਨ ਹੋ ਜਾਂਦਾ ਹੈ। ਉਸ ਦੀ ਸੂਖਮ ਹਉਮੈ ਦੀ ਕਾਈ ਨਹੀਂ ਜਾਂਦੀ। ਸਤਿਗੁਰੂ ਦੀਆਂ, ਭਗਤੀ-ਦਾਤੇ ਸਤਿਗੁਰੂ ਦੀਆਂ ਨਦਰਾਂ ਮਿਹਰਾਂ ਤੇ ਸ਼ਾਕਰ ਰਹਿੰਦਿਆਂ ਹੀ ਵਾਹਿਗੁਰੂ ਦੇ ਮਹਿਲਾਂ ਵਿਚਿ ਥਾਉਂ ਮਿਲਦੀ ਹੈ। ਭਾਗਾਂ ਉਤੇ ਸ਼ਾਕਰ ਰਹਿਣਾ ਨਦਰੀ ਵਾਹਿਗੁਰੂ ਦੀ, ਮਿਹਰਬਾਨ ਸਤਿਗੁਰੂ ਦੀ ਨਦਰਾਂ ਮਿਹਰਾਂ ਦਾ ਪਾਤਰ ਬਣਨਾ ਹੈ। ਕਿਉਂਕਿ ਜਦੋਂ ਜਗਿਆਸੂ ਦੇ ਅੰਦਰਿ ਇਹ ਸੰਸਕਾਰ ਸਫੁਰਨ ਹੋ ਜਾਂਦਾ ਹੈ ਕਿ ਮੈਂ ਆਪਣੀ ਨਿਜ ਭਗਤੀ ਕਮਾਈ ਕਰਕੇ ਹੀ ਇਸ ਪਦ ਨੂੰ ਪ੍ਰਾਪਤਿ ਹੋਇਆ ਹਾਂ ਅਤੇ ਸਤਿਗੁਰੂ ਵਾਹਿਗੁਰੂ ਦੇ ਮਹਿਲਾਂ ਦਾ ਵਾਸਲ ਹੋਇਆ ਹਾਂ ਤਦੋਂ ਵਾਸਤਵ ਵਿਚਿ ਉਸ ਨੂੰ ਤੱਤ ਪਦ ਦੀ ਪ੍ਰਾਪਤੀ ਨਹੀਂ ਹੋਈ ਹੁੰਦੀ। ਨਾ ਹੀ ਮਹਿਲੀ ਵਾਹਿਗੁਰੂ ਦੇ ਦਰਿ ਘਰਿ ਮਹਿਲਾਂ ਦਾ ਵਾਸਾ ਪ੍ਰਾਪਤ ਹੋਇਆ ਹੁੰਦਾ ਹੈ, ਸਗੋਂ ਉਹ ਉਸ ਪਦੋਂ ਉਰੇਡੇ ਹੀ ਰਹਿ ਖੜੋਂਦਾ ਹੈ। ਇਸ ਸੂਖਮ ਹੰਕਾਰ ਤੇ ਹੀ ਇਹ ਅਸਥੂਲ ਅਹੰਕਾਰ ਉਪਜ ਖੜੋਂਦਾ ਹੈ ਕਿ ਅਜ ਮੇਰੇ ਸਾਰਖਾ ਕੋਈ ਨਹੀਂ। ਮੈਥੋਂ ਛੁਟ ਇਹ ਪਦ ਕਿਸੇ ਹੋਰਸ ਨੂੰ ਪ੍ਰਾਪਤਿ ਨਹੀਂ



www.AKJ.Org

ਹੋਇਆ। ਇਹ ਇਕ ਪ੍ਰਕਾਰ ਦੀ ਦੂਜੇ ਪੁਗ ਖਲੋਏ ਗੁਰਮੁਖਾਂ ਦੀ ਅਨਚੇਤ ਨਿੰਦਾ ਹੋ ਜਾਂਦੀ ਹੈ ਅਤੇ ਆਪਣਾ ਹੰਕਾਰ ਵਧ ਜਾਂਦਾ ਹੈ। ਜਿਨ੍ਹਾਂ ਨੂੰ ਸੱਚੀ ਗੁਰਮਤਿ ਭਗਤੀ ਦੀ ਜਾਗ ਲਗੀ ਹੈ, ਜੋ ਜਨ ਸੱਚੀ ਪਰਮਾਰਥਕ ਜਾਗ ਵਾਲੀ ਭਗਤੀ ਕਰਿ, ਜਾਗ ਸੁਭਾਗੇ ਹੋਏ ਹਨ, ਤਿਨ੍ਹਾਂ ਨੂੰ ਇਸ ਪਰਕਾਰ ਦੀ ਅਚੇਤ ਨਿੰਦਾ-ਮਈ ਨਿਜ ਭਗਤਿ-ਹੰਕਾਰ ਸੰਸਕਾਰੀ ਸੰਸਕਾਰ ਹੀ ਨਹੀਂ ਕੁਫਰਨ ਹੁੰਦੇ। ਓਹ ਤਾਂ ਇਸ ਪਰਕਾਰੀ ਨਿੰਦ-ਨਿੰਦਾਰੀ ਸੰਸਕਾਰਾਂ ਦਾ ਪਰਹਰਾਈ ਤਿਆਗ ਕਰ ਕੇ, ਕੇਵਲ ਤੱਤ ਭਗਤੀ ਭਾਵ ਵਿਚਿ ਹੀ ਸੁਜਾਗ ਅਤੇ ਸਾਵਧਾਨ ਰਹਿੰਦੇ ਹਨ। ਇਹ ਸਾਵਧਾਨਤਾ ਸੰਵ੍ਰਤਨੀ ਤੋੜ-ਨਿਭਣੀ ਸੁਹਾਵੀ ਭਗਤੀ ਕੇਵਲ ਉੱਗਰ ਕਰਮ ਭਾਗਾਂ ਦਾ ਹੀ ਅੰਕੂਰ ਹੈ। ਯਥਾ ਗੁਰਵਾਕ—

ਗੁਰ ਤੁਠਾ ਬਖਸੇ ਭਗਤਿ ਭਾਉ ॥
ਗੁਰਿ ਤੁਠੈ ਪਾਈਐ ਹਰਿ ਮਹਲਿ ਠਾਉ ॥
ਪਰਹਰਿ ਨਿੰਦਾ ਹਰਿ ਭਗਤਿ ਜਾਗੁ ॥
ਹਰਿ ਭਗਤਿ ਸੁਹਾਵੀ ਕਰਮਿ ਭਾਗੁ ॥੩॥
(੪,੧੭) [ਬਸੰਤ ਮ: ੧, ੧੧੭੦

ਇਹ ਸੁਭ ਲਛਣੀ ਭਾਗੁ ਭੀ ਪੂਰਬਲ ਸੁਭ ਕਰਮਾਂ ਦਾ ਹੀ ਅੰਕੂਰ ਹੁੰਦਾ ਹੈ। ਤਾਂ ਤੇ ਭਾਗਾਂ ਅੰਦਰਿ ਲਿਖਿਆ ਭੁਗਣਾ ਹੀ ਪੈਂਦਾ ਹੈ। ਸੁਭ ਭਾਗਾਂ ਦੀ ਸੁਭ ਲਿਖਤਣੀ ਸੁਭ ਭੁਗਤਣੀ ਕਰਾਉਂਦੀ ਹੈ। ਇਹ ਸੁਭ ਭੁਗਤਣੀ ਸੁਭ ਲੀਨਤਾ ਕਰਾਉਂਦੀ ਹੈ, ਭੁਗਤਿ ਮੁਕਤਿ ਦੇ ਦਾਤੇ ਓਤਿ ਪੋਤਿ ਅਭੇਦੀ ਗੁਰੂ ਕਰਤਾਰ ਦੇ ਸਰੂਪ ਵਿਚਿ।

ਜਿਸ ਜਗਿਆਸੂ ਦਾ ਅਤਿ ਉਤਮ ਅਤੇ ਉੱਗਰ ਭਾਗ ਹੁੰਦਾ ਹੈ, ਸੋਈ ਗੁਰੂ ਦਾ ਸਿਖ ਸੇਵਕ ਸਿੰਘ ਬਣਦਾ ਹੈ ਅਤੇ ਗੁਰੂ-ਸਿਖ ਸੇਵਕ ਬਣ ਕੇ ਅਤੁਟ ਨਾਮ ਅਭਿਆਸ ਕਮਾਈਆਂ ਰੂਪੀ ਸਚੀ ਸੇਵਾ ਵਿਖੇ ਤਤਪਰ ਹੋ ਕੇ ਜੁਟਦਾ ਹੈ ਅਤੇ ਸਤਿਗੁਰੂ ਦੇ ਪਰਮ ਪਰਸਾਦਿ ਕਰਿ ਨਿਸ਼ਕਾਮ ਅਤੇ ਨਿਰਮਾਣ ਗੁਰ ਭਗਤਿ ਸੇਵਾ ਵਿਚ ਜੁਟ ਕੇ ਜੀਵਨ-ਮੁਕਤ ਹੋ ਜਾਂਦਾ ਹੈ। ਇਹ ਜੀਵਨ ਮੁਕਤੀ ਦਾ ਪਰਮ ਪਦ ਗੁਰ-ਪਰਸਾਦੀ ਹੀ ਪ੍ਰਾਪਤਿ ਹੁੰਦਾ ਹੈ। ਇਹ ਗੁਰੂ ਦਾ ਪ੍ਰਸਾਦ ਅਤਿ ਉਜਲਾ ਅਤੇ ਉਚਾ ਜਗਿਆਸੂ ਜਨ ਦਾ ਕਰਮ ਭਾਗ ਹੈ। ਯਥਾ ਗੁਰਵਾਕ—

ਕਰਮੁ ਹੋਵੈ ਤਾਂ ਸੇਵਾ ਕਰੈ ॥
ਗੁਰ ਪਰਸਾਦੀ ਜੀਵਤ ਮਰੈ...।੨॥ (੪॥੧)
[ਬਸੰਤ ਮ: ੩ ਘਰੁ ੧ ਦੁਤੁਕੇ, ਪੰਨਾ ੧੧੭੨

ਅਜਿਹੇ ਉੱਗਰ ਭਾਗ ਉਦੇ ਹੋਣ ਤੋਂ ਬਿਨਾਂ ਸਾਰੀ ਲੁਕਾਈ ਭਰਮ ਭੁਲਾਈ ਹੀ ਫਿਰਦੀ ਹੈ। ਇਸ ਵਿਚਿ ਰੰਚਕ ਸੰਦੇਹ ਨਹੀਂ ਕਿ ਸੁਭ ਕਰਮ ਹੀ ਸੁਭ ਭਾਗ ਦੇ ਲਖਾਇਕ ਅਤੇ ਸੂਚਕ ਹਨ। ਸੁਭ ਕਰਮਾਂ ਦੇ ਲੇਖ ਕਰਮ-ਬਿਧਾਤੇ ਅਤੇ ਕਰਮ-ਫਲ-ਪਰਦਾਤੇ ਸਿਰੀ ਅਕਾਲ ਪੁਰਖ ਦੇ ਅਟੱਲ ਹੁਕਮ ਅਨੁਸਾਰ, ਪਿਛਲੇ ਜਨਮਾਂ ਦੇ ਅੰਕੂਰ ਹੋਣ ਕਰਿ, ਨਵੀਨ ਜਨਮ ਮਿਲਣ ਪਰ ਜਗਿਆਸੂ ਜਨ ਦੇ ਮਸਤਕ ਤੇ ਲਿਖੇ ਜਾਂਦੇ ਹਨ, ਜਿਨ੍ਹਾਂ ਦਾ ਸੰਕੇਤਕ ਨਾਮ ਭਾਗੁ ਹੋ ਜਾਂਦਾ ਹੈ। ਸੋ ਭਾਗ ਸੁਲੱਖਣੇ ਕਰਮਾਂ ਦਾ ਭੁਗਤਾ ਹਰ ਇਕ ਜਗਿਆਸੂ ਜਨ ਜਨਮ ਤੋਂ ਹੀ ਹੋ ਜਾਂਦਾ ਹੈ। ਜਿਨ੍ਹਾਂ ਦੀ ਜਨਮ ਤੋਂ ਕੁਦਰਤੀ ਮਨ-ਰੁਚੀ ਭਗਤੀ ਭਾਵ ਵਲ ਹੁੰਦੀ ਹੈ ਉਨ੍ਹਾਂ ਦੇ ਸੁਭ ਮਸਤਕੀ ਭਾਗ ਹੀ ਮੁਢ ਤੋਂ ਸੁਭ ਸੁਰਤੀਗਤੇ ਹੁੰਦੇ ਹਨ। ਇਹ ਭਗਤੀ ਮਾਰਗ ਵਾਲਾ ਜਨਮ ਬਤੀਤਣੋਂ ਰਹਿ ਨਹੀਂ ਸਕਦੇ। ਓਹਨਾਂ ਦੇ ਇਸ ਜਨਮ ਅੰਦਰਿ ਨਦਰ ਕਰੰਮੀ ਇਕ ਸੁਆ ਮਾਤਰ ਹੀ ਮੁਕਤ ਗਤਿ, ਉਚ ਕਲਿਆਣਕਾਰੀ ਤੱਤ, ਭਗਤੀ ਦਾ ਤੱਤ ਫਲ ਅਰਪਾਉਣ ਨੂੰ ਸਮਰਥ ਹੋਇ ਆਵੰਦੀ ਹੈ। ਓਹ ਗੁਰੂ-ਘਰ ਵਿਖੇ ਆ ਕੇ ਅੰਮ੍ਰਿਤ ਛਕਣ ਸਮੇਂ ਪਹਿਲੀ ਪਾਣ ਗੁੜ੍ਹਤੀ ਦੇ ਅੰਮ੍ਰਿਤ ਛਾਂਦੇ ਨਾਲਿ ਤ੍ਰਿਪਤ ਹੋ ਕੇ ਰਸ-ਜੋਤਿ-ਪ੍ਰਗਾਸੀ-ਅਨੰਦ ਮਾਨਣ ਵਾਲੇ ਹੋ ਜਾਂਦੇ ਹਨ। ਇਹ ਤਤ-ਫਰੱਤੀ ਆਤਮ ਬਵਸਥਾ ਦਾ ਬਿਜਲੰਕਾਰੀ ਉਮਗਾਉ ਉਹਨਾਂ ਦੇ ਭਾਗਾਂ ਦਾ ਪਸਰਾਉ ਹੀ ਹੁੰਦਾ ਹੈ। ਇਹਨਾਂ ਭਾਗਾਂ ਬਿਹੂਣੇਂ ਆਮ ਦੁਨੀਆ ਭਰਮ ਭੁਲਾਈ ਹੀ ਫਿਰਦੀ ਰਹਿੰਦੀ ਹੈ ਅਤੇ ਮੋਹ ਮਮਤਾ ਦੇ ਮਾਇਆਵੀ ਗੇੜ ਵਿਚਿ ਪੈ ਕੇ ਬਹੁਤ ਹੀ ਦੁਖਾਂ ਮਈ ਜਨਮ-ਜਨਮਾਂਤਰੀ



www.AKJ.Org

ਧੱਕੇ ਖਾਂਦੀ ਹੈ। ਯਥਾ ਗੁਰਵਾਕ—

ਬਿਨੁ ਕਰਮਾ ਸਭ ਭਰਮਿ ਭੁਲਾਈ ॥
ਮਾਇਆ ਮੋਹਿ ਬਹੁਤੁ ਦੁਖੁ ਪਾਈ ... ॥੧॥
(੪॥੧੦) [ਬਸੰਤ ਮ: ੩, ਪੰਨਾ ੧੧੭੫

ਜਿਨ੍ਹਾਂ ਜਗਿਆਸੂਆਂ ਦਾ ਪਰਾ ਪੂਰਬਲਾ ਮਸਤਕਿ ਲਿਖ਼ਤੀ ਭਾਗ (ਕਰਮ) ਖੁਲ੍ਹਦਾ ਹੈ ਓਹਨਾਂ ਦੇ ਅੰਤਰਿ-ਆਤਮੇ ਅੰਮ੍ਰਿਤ ਛਕਣ ਸਾਰ ਹੀ ਸੁਧਾ ਮੰਤ੍ਰੀ ਜਾਗ ਲਗ ਜਾਂਦਾ ਹੈ ਅਤੇ ਜੋਤਿ ਪ੍ਰਕਾਸ਼ ਦਾ ਖੇੜਾ ਹੋ ਜਾਂਦਾ ਹੈ। ਗੁਰ-ਸ਼ਬਦ ਮੰਤ੍ਰ ਓਹਨਾਂ ਨੂੰ ਅਮਿਉ ਰਸਾਇਣੀ ਮਿਠਾਸ ਵਾਲਾ ਹੋ ਕੇ ਸੰਜੀਵਨਤ ਹੋ ਜਾਂਦਾ ਹੈ। ਇਸ ਸ਼ਬਦ ਗੁਰ ਮੀਠੇ ਦੇ ਪ੍ਰਭਾਵ ਕਰਕੇ ਤਿਨ੍ਹਾਂ ਦੀ ਅਭਿਆਸ ਕਲਾ ਭੀ ਅੰਮ੍ਰਿਤ ਸਰਸ਼ਾਰੀ ਅਤਿ ਮਿਠ-ਮਿਠਾਰੀ ਹੋ ਜਾਂਦੀ ਹੈ, ਜਿਸ ਦੇ ਜ਼ੋਰ ਤਾਣ ਕਰਿ ਖਿਨ ਖਿਨ ਨਾਮ ਅਭਿਆਸ ਕਲਾ ਜ਼ੋਰੋ ਜ਼ੋਰ ਵਧਦੀ ਤੇ ਹੋਰੋ ਹੋਰ ਵਧ-ਵਧੇਰੇ ਆਤਮ ਰੰਗ ਖੇੜਦੀ ਹੈ, ਜਿਸ ਜੋਤਿ-ਪ੍ਰਕਾਸ਼ ਦੇ ਖਿਨੋ ਖਿਨ ਵਧੰਦੇ ਰਸ-ਜੋਤਿ-ਸਪਰਸੀਏ-ਪਾਰਸ-ਖੇੜੇ ਦੇ ਪ੍ਰਭਾਵ ਕਰਿ, ਉਸ ਨੂੰ ਆਪਣੇ ਘਟ ਵਿਖੇ ਅਤੇ ਹਰ ਪ੍ਰਾਣੀ ਦੇ ਘਟ ਵਿਖੇ ਜੋਤਿ-ਜੋਤੀਸਰ ਵਾਹਿਗੁਰੂ ਪ੍ਰਤਿਬਿੰਬਤ ਨਜ਼ਰੀ ਆਉਂਦਾ ਹੈ, ਪਰਤੱਖ ਦਿਸਦਾ ਹੈ, ਜੈਸਾ ਕਿ ਇਸ ਗੁਰਵਾਕ ਦਾ ਭਾਵ ਹੈ—

ਮੇਰੈ ਮਨਿ ਸਬਦੁ ਲਗੋ ਗੁਰ ਮੀਠਾ ॥
ਖੁਲਿਓ ਕਰਮੁ ਭਇਓ ਪਰਗਾਸਾ,
ਘਟਿ ਘਟਿ ਹਰਿ ਹਰਿ ਡੀਠਾ ॥੧॥ਰਹਾਉ॥
(੨॥੧੯॥੪੨) [ਸਾਰੰਗ ਮ: ੫, ਪੰਨਾ ੧੨੧੨

ਵਾਹਿਗੁਰੂ ਦੇ ਦਰਸ਼ਨਾਂ ਦਾ ਉਦਮ ਕਰਨਾ ਉਤਮ ਜਗਿਆਸੂ ਜਨ ਦੀ ਸ੍ਰਿਸ਼ਤ ਸਿਫ਼ਾਤੀ ਅੰਦਰਿ ਮਨਹਿਲਕ (ਰਮਿਆ) ਹੁੰਦਾ ਹੈ। ਉਹ ਦਰਸ਼ਨਾਂ ਦੇ ਉਦਮ ਕੀਤੇ ਬਿਨਾਂ ਰਹਿ ਨਹੀਂ ਸਕਦਾ। ਗੁਰਬਾਣੀ ਅੰਦਰਿ ਆਏ ਹੁਕਮ ਰੂਪ ਸਤਿਗੁਰੂ-ਬਚਨਾਂ ਨੂੰ ਕਮਾਉਂਦਾ ਹੈ ਅਤੇ ਕਮਾਉਣ ਵਿਚਿ ਰੰਚਕ ਆਲਸ ਨਹੀਂ ਕਰਦਾ, ਨਾ ਹੀ ਬਿਲਮਤਾ ਦੇਂਦਾ ਹੈ। ਇਹ ਉਦਮ ਉਸ ਦੇ ਮੱਥੇ ਲਿਖੇ ਸ਼ੁਭ ਕਰਮ ਭਾਗ ਹੀ ਕਰਾਉਂਦੇ ਹਨ। ਪਰ ਫੇਰ ਭੀ ਉਹ ਗੁਰਮੁਖਿ ਜਨ ਵਾਹਿਗੁਰੂ ਦੀਆਂ ਨਦਰ-ਕਰੰਮੀ ਮਿਹਰਾਂ ਦਾ ਹੀ ਪਾਤਰ ਬਣਿਆ ਰਹਿੰਦਾ ਹੈ ਅਤੇ ਜਦੋਂ ਦਰਸ਼ਨਾਂ ਦੀ ਪ੍ਰਾਪਤੀ ਹੁੰਦੀ ਹੈ ਤਦੋਂ ਉਹ ਇਹ ਸਭ ਕੁਛ ਉਸ ਦੀਆਂ ਨਦਰਾਂ ਦਾ ਸਦਕਾ ਹੀ ਕਰਕੇ ਜਾਣਦਾ ਹੈ। ਇਕ ਨਿਮਖ ਮਾਤਰ ਭੀ ਉਸ ਦੇ ਹਿਰਦੇ ਅੰਦਰਿ ਇਹ ਕੁਫੁਰਨੀ ਨਹੀਂ ਫੁਰਦੀ, ਕੁਫੁਰਦੀ ਕਿ ਇਹ ਦਰਸ਼ਨ-ਝਾਕਾ ਉਸ ਦੀ ਆਪਣੀ ਘਾਲਣਾ ਦਾ ਸਦਕਾ ਹੈ। ਇਸ ਨੂੰ ਉਹ ਫ਼ੈਜ਼-ਗੰਜਾਰੀ-ਰਹਿਮਤਾਈ ਭਾਗਾਂ ਦਾ ਜ਼ਹੂਰ ਹੀ ਜਾਣਦਾ ਹੈ, ਅਤੇ ਮਨ ਬਚ ਕਰਮ ਕਰਕੇ ਜਾਣਦਾ ਹੈ, ਜੈਸਾ ਕਿ ਇਸ ਗੁਰਵਾਕ ਦਾ ਤੱਤ ਆਸ਼ਾ ਹੈ—

ਉਦਮੁ ਕਰਉ ਦਰਸਨੁ ਪੇਖਨ ਕੌ,
ਕਰਮਿ ਪਰਾਪਤ ਹੋਇ ॥੧॥ (੨॥੭੪॥੯੭)
[ਸਾਰੰਗ ਮ: ੫, ਪੰਨਾ ੧੨੨੩

ਇਸ ਗੁਰਵਾਕੀ ਤੁਕ ਅੰਦਰਿ ਕਰਮ ਦਾ ਭਾਵ-ਅਰਥ ਸਪੱਸ਼ਟ ਭਾਗੁ, ਸੁਭ ਨਸੀਬਾ ਭਾਗ ਹੈ। ਜੋਤਿ-ਪ੍ਰਕਾਸ਼ੀਏ ਗੁਰਮੁਖਿ ਜਨਾਂ ਦਾ ਦਰਸਨ ਭੀ ਕਰਮਾਂ (ਭਾਗਾਂ) ਨਾਲ ਹੀ ਪ੍ਰਾਪਤ ਹੁੰਦਾ ਹੈ, ਐਵੇਂ ਨਹੀਂ। ਉਦਮ ਭੀ ਉਨ੍ਹਾਂ ਦਾ ਬਰ-ਹੱਕ ਹੈ, ਪਰ ਪ੍ਰਾਪਤੀ ਦਰਸ਼ਨ ਦੀ ਭਾਗਾਂ ਸੇਤੀ ਹੀ ਹੈ।

ਜਿਨ੍ਹਾਂ ਦੇ ਮਸਤਕਿ ਭਾਗ ਹੁੰਦਾ ਹੈ, ਓਹ ਹੀ ਵਾਹਿਗੁਰੂ ਨਾਮ ਨੂੰ ਜਪਦੇ ਹਨ। ਨਿਗੁਰੇ ਨਰ ਨਾਰੀ ਨਾਮ ਨਹੀਂ ਜਪ ਸਕਦੇ। ਪਰਮਾਰਥੀ ਗੁਰਮਤਿ ਅਸੂਲ ਪੱਕਾ ਹੈ ਕਿ ਨਿਗੁਰਿਆਂ ਨੂੰ ਨਾਮ ਹੀ ਨਹੀਂ ਪ੍ਰਾਪਤ ਹੁੰਦਾ, ਜਪਣਾ ਤਾਂ ਉਨ੍ਹਾਂ ਨੇ ਕੀ ਸੀ। ਜਿਨ੍ਹਾਂ ਦਾ ਭਾਗ ਉਚੇ ਹੁੰਦਾ ਹੈ, ਉਹ ਗੁਰੂ ਨਾਨਕ ਦੇ ਘਰਿ ਦਰਿ ਸ਼ਰਨੀ ਆਇ ਪੈਂਦੇ ਹਨ। ਤਿਥੇ ਉਹ ਸਗੁਰੇ ਬਣਕੇ ਗੁਰਮੰਤ੍ਰ ਗੁਰ-ਦੀਖਿਆ ਲੈਂਦੇ ਹਨ। ਤਦ ਓਹ ਨਾਮ ਜਪਣ ਜੋਗੇ ਹੁੰਦੇ ਹਨ। ਬੇਪੀਰਿਆਂ ਨਿਗੁਰਿਆਂ ਨੂੰ ਨਾਮ ਨਹੀਂ ਮਿਲਦਾ ਅਤੇ ਸਗੁਰਾ ਓਹੀ ਹੁੰਦਾ ਹੈ ਜਿਸ ਦੇ ਭਾਗ ਖੁਲ੍ਹਣ। ਯਥਾ ਗੁਰਵਾਕ--

ਨਾਨਕ ਕਰਮੁ ਹੋਵੈ ਜਪੀਐ ਕਰਿ ਗੁਰੁ ਪੀਰੁ ॥
ਸਚਿ ਸਮਾਵੈ ਏਹੁ ਸਰੀਰੁ ॥੪॥ ॥੯॥
[ਮਲਾਰ ਮ: ੧, ਪੰਨਾ ੧੨੫੭



www.AKJ.Org

ਗੁਰਮਤਿ ਨਾਮ ਜਪਦੇ ਜਪਦੇ ਵਡਭਾਗੀਆਂ ਦਾ ਮਨ ਭੀ ਤੇ ਤਨ ਭੀ ਸੱਚੇ ਵਾਹਿਗੁਰੂ ਦੇ ਸਰੂਪ ਵਿਚ ਸਮਾ ਜਾਂਦਾ ਹੈ। ਪਹਿਲਾਂ ਨਾਮ ਦੇ ਜੋਤਿ ਤਰੰਗੀ ਸਰੋਵਰ ਵਿਚਿ ਤਾਰੀਆਂ ਲਾ ਕੇ ਤ੍ਰਿਬੁਡ ਹੋ ਜਾਂਦਾ ਹੈ, ਫੇਰ ਨਾਮੀ ਵਾਹਿਗੁਰੂ ਸੇਤੀ ਇਕ ਮਿਕ ਹੋਇ ਸਮਾਵੰਦਾ ਹੈ। ਪੂਰਾ ਸ਼ਬਦ ਵਾਹਿਗੁਰੂ ਪੂਰੇ ਭਾਗਾਂ (ਕਰਮਾਂ) ਨਾਲ ਹੀ ਧਿਆਇ ਕੈ ਮਨਿ ਵਸਾਇਆ ਜਾਂਦਾ ਹੈ।

ਪੂਰੈ ਕਰਮਿ ਧਿਆਇ
ਪੂਰਾ ਸਬਦੁ ਮਨਿ ਵਸਾਇਆ ॥੧੮॥
[ਵਾਰ ਮਲਾਰ ਕੀ, ਪੰਨਾ ੧੨੮੬

ਪੂਰੇ ਸਤਿਗੁਰੂ ਗੁਰੂ ਨਾਨਕ ਦੀਆਂ ਵਡੀਆਂ ਵਡਿਆਈਆਂ ਹਨ। ਪਰੰਤੂ ਵਡੇ ਭਾਗਾਂ ਨਾਲਿ (ਪੂਰੈ ਕਰਮਾਂ ਸੇਤੀ) ਹੀ ਐਸਾ ਸੱਚਾ ਸਤਿਗੁਰੂ ਪਾਇਆ ਜਾ ਸਕਦਾ ਹੈ, ਨਹੀਂ ਤਾਂ ਭਾਗਹੀਣ ਭੌਂਦੂ ਭੇਖੀ ਅਤੇ ਡਿੰਭੀ ਅਲਪ ਗ ਦੇਹਧਾਰੀ ਗੁਰੂਆਂ ਪਾਸ ਹੀ ਭਉਂਦੇ ਭਰਮਦੇ ਫਿਰਦੇ ਹਨ। ਆਪਣਾ ਜਨਮ ਬਿਰਥਾ ਹੀ ਗੰਵਾ ਲੈਂਦੇ ਹਨ, ਫੇਰ ਉਹਨਾਂ ਨੂੰ ਬਹੁਤੇ ਜਨਮਾਂ ਵਿਚ ਭਰਮਣਾ ਪੈਂਦਾ ਹੈ। ਓੜਕ ਮੁੜ ਘਿੜ ਕੇ ਜਦੋਂ ਭੀ ਇਸ ਜੀਵ ਦੀ ਕਲਿਆਣ ਹੋਣੀ ਹੈ ਤਾਂ ਗੁਰੂ ਨਾਨਕ ਸਾਹਿਬ ਦੇ ਘਰੋਂ ਹੀ ਹੋਣੀ ਹੈ। ਜਿਸ ਦਾ ਭਾਗ ਖੁਲ੍ਹਦਾ ਹੈ ਓਹੀ ਸੱਚੇ ਸਤਿਗੁਰੂ ਦੇ ਦਰੋਂ ਘਰੋਂ ਵਰੋਸਾਉਂਦਾ ਹੈ—

ਸਤਿਗੁਰ ਵਿਚਿ ਵਡੀਆ ਵਡਿਆਈਆ
ਭਾਈ ਕਰਮਿ ਮਿਲੈ ਤਾਂ ਪਾਇ...॥੫੧॥
[ਸਲੋਕ ਵਾਰਾਂ ਤੇ ਵਧੀਕ, ਸਲੋਕ ਮ: ੩, ਪੰ: ੧੪੧੯

ਧੁਰੋਂ ਬਖਸ਼ਸ਼ ਵਾਲੇ ਭਾਗ (ਕਰਮ) ਜਿਨ੍ਹਾਂ ਦੇ ਜਾਗ ਪਏ ਹਨ ਉਹਨਾਂ ਨੂੰ ਸੱਚੇ ਵਾਹਿਗੁਰੂ ਦੀ ਪ੍ਰਾਪਤੀ ਹੁੰਦਿਆਂ ਇਕ ਬਿਲਮ ਨਹੀਂ ਲਗਦੀ। ਇਸ ਬਖਸ਼ਸ਼ ਨੂੰ ਕੋਈ ਮੇਟ ਨਹੀਂ ਸਕਦਾ—

ਕਰਮਿ ਮਿਲੈ ਸਚੁ ਪਾਈਐ
ਧੁਰਿ ਬਖਸ ਨ ਮੇਟੈ ਕੋਇ ॥੬॥
(੮॥੧੪॥) [ਸਿਰੀ ਰਾਗੁ ਮ: ੧, ਪੰਨਾ ੬੨

ਗੁਰਮੁਖਾਂ ਦੀ ਸੰਗਤ ਦਾ ਮਿਲਣਾ ਭੀ ਭਾਗਾਂ ਕਰਕੇ ਹੀ ਹੈ। ਤਿਸ ਸਤਿਸੰਗ ਰੂਪੀ ਸਥਾਨ ਵਿਖੇ ਬੈਠ ਕੇ ਅਤੇ ਗੁਰਮੁਖਾਂ ਪਿਆਰਿਆਂ ਨਾਲ ਰਲ ਮਿਲ ਕੇ ਵਾਹਿਗੁਰੂ ਦੇ ਗੁਣ ਗਾਵਣ ਨਾਲਿ ਦਾਤਾ ਦਇਆਲ ਹੁੰਦਾ ਹੈ। ਇਹ ਦਇਆਲਤਾ ਵਾਹਿਗੁਰੂ ਨਾਲ ਮੇਲਣ ਦੀ ਸਫਣ ਸੁਭਾਗਤਾ ਹੈ।

ਕਰਮੁ ਹੋਵੈ ਸਤਸੰਗਿ ਮਿਲਾਏ ॥
ਹਰਿ ਗੁਣ ਗਾਵੈ ਬੈਸਿ ਸੁ ਥਾਏ ॥੧॥
ਰਹਾਉ ॥ (੪॥੩॥੨੩)
[ਗਉੜੀ ਗੁਆਰੇਰੀ ਮ: ੩, ਪੰਨਾ ੧੫੮]

ਸਗੁਰੇ ਜਗਿਆਸੂ ਦਾ ਅਪਣਾਇਆ ਹੋਇਆ ਸਤਿਗੁਰੂ ਗੁਰੂ ਨਾਨਕ ਦਸਮੇਸ਼ ਤਿਸ ਨੂੰ ਤੁਠ ਕੇ ਨਾਮ ਦੀ ਦਾਤਿ ਦੇਂਦਾ ਹੈ, ਉਸ ਦੇ ਮਸਤਕ ਉਤੇ ਇਸ ਨਾਮ-ਪ੍ਰਾਪਤੀ ਦੇ ਭਾਗ ਦੀ ਰੇਖਾ ਪਹਿਲਾਂ ਹੀ ਲਿਖੀ ਹੁੰਦੀ ਹੈ—

ਨਾਮੁ ਗੁਰਿ ਦੀਓ ਹੈ ਅਪੁਨੈ ਜਾ ਕੈ
ਮਸਤਕਿ ਕਰਮਾ ॥ ਨਾਮੁ ਦ੍ਰਿੜਾਵੈ ਨਾਮੁ ਜਪਾਵੈ
ਤਾ ਕਾ ਜੁਗ ਮਹਿ ਧਰਮਾ ॥੧॥ (੨॥੬॥੩੭)
[ਧਨਾਸਰੀ ਮ: ੫, ਪੰਨਾ ੬੮੦

ਐਸੀ ਦਾਤਿ-ਬਖ਼ਸ਼ੰਦ ਦਾ ਬਖ਼ਸ਼ਿਆ ਹੋਇਆ ਗੁਰਮੁਖ ਜਨ ਆਪਣੇ ਕਰਪੀ ਕਮਲ ਜਮਾਲ ਦੇ ਕ੍ਰਿਸ਼ਮੇ ਨਾਲਿ ਹੋਰਨਾਂ ਸੰਗੀਆਂ ਨੂੰ ਭੀ ਨਾਮ-ਤਰੰਗਤਾ ਦੀ ਪ੍ਰੇਰਨਾ ਕਰ ਕੇ, ਪੰਜਾਂ ਪਿਆਰਿਆਂ ਦੀ ਸਰਣਾਗਤਿ ਲਿਆ ਕੇ, ਗੁਰੂ ਸਮੱਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਬਾਰੋਂ ਨਾਮ ਦਿਵਾਉਂਦਾ, ਨਾਮ ਜਪਾਉਂਦਾ ਅਤੇ ਨਾਮ ਦ੍ਰਿੜ੍ਹਾਉਂਦਾ ਹੈ। ਇਸ ਕਲਜੁਗ ਵਿਖੇ ਇਹੋ ਪੁੰਨ ਧਰਮ ਅਜਿਹੇ ਗੁਰਮੁਖਾਂ ਨੇ ਖਟਿਆ ਹੈ। ਇਹ ਪੁੰਨ ਧਰਮ ਕਰਮ ਉਨ੍ਹਾਂ ਦਾ ਸੱਚਾ ਧਰਮ ਆਹਰ ਹੋ ਗਿਆ ਹੈ। ਲਿਖਤ-ਲਿਲਾਟੀ ਕਰਮਾਂ (ਭਾਗਾਂ) ਦੀ ਸੱਚੀ ਖੇਡ ਹੈ, ਜਿਸ ਨੂੰ ਖਿਡਾਏ ਓਹੀ ਖੇਡਦਾ ਹੈ।

["ਗੁਰਮਤਿ ਕਰਮ ਫਿਲਾਸਫੀ" ਪੁਸਤਕ ਵਿਚੋਂ

—o—



www.AKJ.Org

# ਜਾਪੁ ਸਾਹਿਬ – ਕਾਵਿ ਅਨੁਵਾਦ

[ ਵਲੋਂ :—ਜੇ. ਪੀ. ਸੰਗਤ ਸਿੰਘ ਜੀ, 75/3 ਮੁਲੰਡ ਕਾਲੋਨੀ, ਬੰਬਈ-82 ]

## *ਸੁੰਦਰਤਾ, ਕਰਮ, ਜੁਰਅਤ ਤੇ ਸੂਝ ਦਾ ਸੁਆਮੀ*

### ਭਗਵਤੀ ਛੰਦ ॥ ਤ੍ਵ ਪ੍ਰਸਾਦਿ ॥

(ਤੇਰੀ ਕਿਰਪਾ ਦੁਆਰਾ ਹੀ ਇਸ ਭਗਵਤੀ ਛੰਦ ਦੀ ਰਚਨਾ ਕਰਦਾ ਹਾਂ)

**ਕਿ ਜ਼ਾਹਰ ਜ਼ਹੂਰ ਹੈਂ ॥ ਕਿ ਹਾਜ਼ਰ ਹਜ਼ੂਰ ਹੈਂ ॥**
**ਹਮੇਸੁਲ ਸਲਾਮ ਹੈਂ ॥ ਸਮਸਤੁਲ ਕਲਾਮ ਹੈਂ ॥੧੫੦॥**

**ਸ਼ਬਦਾਰਥ** :—ਸਮਸਤੁਲ ਕਲਾਮ = ਹਰ ਕਲਾਮ, ਹਰ ਗੱਲ ਵਿਚ ਤੇਰਾ ਜ਼ਿਕਰ ਹੈ ।

**ਭਾਵਾਰਥ** :—ਤੇਰਾ ਪ੍ਰਕਾਸ਼ ਹਰ ਥਾਂ ਪਰਤੱਖ ਦਿਸਦਾ ਹੈ । ਤੂੰ ਹਰ ਥਾਂ ਮੌਜੂਦ ਹੈਂ, ਸਦਾ ਸਲਾਮਤ ਹੈਂ ਅਤੇ ਹਰ ਗੱਲ ਵਿਚ ਤੇਰਾ ਹੀ ਜ਼ਿਕਰ ਹੈ ।

**ਕਾਵਿ ਭਾਵਾਰਥ** :—

ਹਰ ਸਮੇਂ, ਹਰ ਥਾਂ, ਜ਼ੱਰੇ ਜ਼ੱਰੇ ਅੰਦਰ, ਤੂੰ ਮੌਜੂਦ ਹੈਂ, ਜ਼ਾਹਰਾ ਜ਼ਹੂਰ ਹੈਂ ਤੂੰ ।
ਕਾਇਮ ਦਾਇਮ ਹਰ ਥਾਵੇਂ ਸਥਿਰ ਪ੍ਰੀਤਮ, ਹਰ ਇਕ ਕਥਾ ਦਾ ਵਿਸ਼ਾ ਹਜ਼ੂਰ ਹੈਂ ਤੂੰ ।

**ਕਿ ਸਾਹਿਬ ਦਿਮਾਗ਼ ਹੈਂ ॥ ਕਿ ਹੁਸਨਲ ਚਰਾਗ਼ ਹੈਂ ॥**
**ਕਿ ਕਾਮਲ ਕਰੀਮ ਹੈਂ ॥ ਕਿ ਰਾਜ਼ਮ ਰਹੀਮ ਹੈਂ ॥੧੫੧॥**

**ਸ਼ਬਦਾਰਥ** :—ਸਾਹਿਬ ਦਿਮਾਗ = ਸਮਝ ਬੂਝ ਦਾ ਸੁਆਮੀ । ਹੁਸਨਲ ਚਰਾਗ਼ = ਸੁੰਦਰਤਾ ਨੂੰ ਪ੍ਰਕਾਸ਼ ਦੇਣ ਵਾਲਾ । ਕਾਮਲ = ਸੰਪੂਰਨ । ਕਰੀਮ = ਬਖ਼ਸ਼ਿੰਦ । ਰਾਜ਼ਕ = ਰਿਜ਼ਕ–ਦਾਤਾ । ਰਹੀਮ = ਰਹਿਮ ਕਰਨ ਵਾਲਾ, ਮਿਹਰਵਾਨ ।

**ਭਾਵਾਰਥ** :—ਪ੍ਰਭੂ, ਤੂੰ ਸਰਬ ਉਚਜ ਸਮਝ ਵਾਲਾ ਹੈਂ, ਸੁੰਦਰਤਾ ਦਾ ਸੋਮਾ ਹੈਂ, ਸੰਪੂਰਨ ਹੈਂ ਅਤੇ ਬਖ਼ਸ਼ਿਸ਼ਾਂ ਕਰਨ ਵਾਲਾ ਹੈਂ । ਰਾਜ਼ਕ ਹੈਂ ਅਤੇ ਤਰਸ ਕਰਨ ਵਾਲਾ ਹੈਂ ।

**ਕਾਵਿ ਭਾਵਾਰਥ** :—

ਸਰਬ ਉਚ ਦਾਤਾ, ਸੂਝ ਬੂਝ ਤੇਰੀ, ਤੂੰਹੀਓਂ ਸੁੰਦਦਤਾ ਨੂੰ ਤੇਜ ਦੇਣ ਵਾਲਾ ।
ਤੂੰ ਬਖ਼ਸ਼ਿੰਦ, ਪੂਰਨ, ਪੁੰਜ ਕ੍ਰਿਪਾਲਤਾ ਦਾ, ਰੋਜ਼ੀ ਰਿਜ਼ਕ ਸਭਨਾਂ ਤਾਈਂ ਦੇਣ ਵਾਲਾ ।

**ਕਿ ਰੋਜ਼ੀ ਦਹਿੰਦ ਹੈਂ ॥ ਕਿ ਰਾਜ਼ਕ ਰਹਿੰਦ ਹੈਂ ॥**
**ਕਰੀਮੁਲ ਕਮਾਲ ਹੈਂ ॥ ਕਿ ਹੁਸਨਲ ਜਮਾਲ ਹੈਂ ॥੧੫੧॥**

**ਸ਼ਬਦਾਰਥ** :—ਦਹਿੰਦ = ਦੇਣ ਵਾਲਾ । ਰਹਿੰਦ = ਰਿਹਾਈ ਦੇਣ ਵਾਲਾ, ਮੁਕਤ ਕਰਨ ਵਾਲਾ, ਮੁਕਤੀ ਦਾਤਾ । ਕਰੀਮੁਲ ਕਮਾਲ = ਮਹਾਨ ਉਚੀਆਂ ਬਖਸ਼ਿਸ਼ਾਂ ਕਰਨ ਵਾਲਾ । ਕਮਾਲ = ਸਭ ਤੋਂ ਉਚ । ਹੁਸਨ = ਸੁੰਦਰਤਾ । ਜਮਾਲ = ਸੁੰਦਰਤਾ ।

**ਭਾਵਾਰਥ** :—ਹੇ ਪ੍ਰਭੂ, ਤੂੰ ਸਭ ਨੂੰ ਹੀ ਰੋਜ਼ੀ ਦੇਣ ਵਾਲਾ ਹੈਂ, ਸਭ ਦਾ ਪਾਲਕ ਤੇ ਮੁਕਤੀ-ਦਾਤਾ ਹੈਂ, ਬਖਸ਼ਿਸ਼ਾਂ ਕਰਨ ਵਿਚ ਕਮਾਲ ਕਰਦਾ ਹੈਂ ਤੇ ਆਖ਼ਰਾਂ ਦਾ ਸੁੰਦਰ ਤੇ ਹੁਸੀਨ ਹੈਂ ।



www.AKJ.Org

ਕਾਵਿ ਭਾਵਾਰਥ :–

ਹਰ ਇਕ ਜੀਵ ਨੂੰ ਰਿਜ਼ਕ ਪਹੁੰਚਾਏਂ ਦਾਤਾ, ਨਾਲੇ ਸਭਨਾਂ ਦਾ ਮੁਕਤੀ ਦਾਤਾਰ ਵੀ ਏਂ।
ਤੇਰੀ ਸੁੰਦਰਤਾ ਕਹਿਰਾਂ ਦੀ, ਆਖ਼ਰਾਂ ਦੀ, ਤੇ ਕਮਾਲ ਬਖਸ਼ਿੰਦ ਦਾਤਾਰ ਵੀ ਏਂ।

**ਗ਼ਨੀਮੁਲ ਖ਼ਿਰਾਜ ਹੈਂ ॥ ਗ਼ਰੀਬੁਲ ਨਿਵਾਜ਼ ਹੈਂ ॥**
**ਹਰੀਫ਼ੁਲ ਸ਼ਿਕੰਨ ਹੈਂ ॥ ਹਿਰਾਸੁਲ ਫ਼ਿਕੰਨ ਹੈਂ ॥੧੫੩॥**

**ਸ਼ਬਦਾਰਥ** :–ਗ਼ਨੀਮ=ਵੈਰੀ। ਖ਼ਿਰਾਜ=ਡੰਡ, ਹਾਲਾ। ਨਿਵਾਜ਼=ਵਡਿਆਉਣਾ। ਹਰੀਫ਼=ਵੈਰੀ। ਸ਼ਿਕੰਨ=ਤੋੜਨ ਵਾਲਾ। ਹਿਰਾਸ=ਡਰ। ਫ਼ਿਕੰਨ=ਪਰੇ ਸੁਟਣ ਵਾਲਾ।

**ਭਾਵਾਰਥ** :–ਵੈਰੀਆਂ ਤੋਂ ਖ਼ਿਰਾਜ ਵਸੂਲਣ ਵਾਲਾ ਹੈਂ, ਗਰੀਬਾਂ ਨੂੰ ਵਡਿਆਈ ਬਖਸ਼ਣ ਵਾਲਾ ਹੈਂ। ਦੁਸ਼ਮਣਾਂ ਦਾ ਨਾਸ ਕਰਨ ਵਾਲਾ ਹੈਂ ਅਤੇ ਡਰ ਭਉ ਨੂੰ ਦੂਰ ਕਰਨ ਵਾਲਾ ਹੈਂ।

ਕਾਵਿ ਭਾਵਾਰਥ :–

ਵੈਰੀ ਦਲਾਂ ਤੋਂ ਲਵੇਂ ਖ਼ਿਰਾਜ ਹਾਲਾ, ਤੇ ਗਰੀਬ ਦੀਨਾਂ ਨੂੰ ਨਿਵਾਜਦਾ ਹੈਂ॥
ਸ਼ਤਰੂ ਦਲਾਂ ਤਾਈਂ ਨਾਸ ਕਰਨ ਵਾਲੇ, ਫ਼ਿਕਰ ਤੌਖਲੇ ਦੂਰ ਫਿਟਕਾਰਨਾ ਹੈਂ॥

**ਕਲੰਕੰ ਪ੍ਰਣਾਸ ਹੈਂ ॥ ਸਮਸਤੁਲ ਨਿਵਾਸ ਹੈਂ ॥**
**ਅਗੰਜੁਲ ਗ਼ਨੀਮ ਹੈਂ ॥ ਰਜ਼ਾਇਕ ਰਹੀਮ ਹੈਂ ॥੧੫੪॥**

**ਸ਼ਬਦਾਰਥ** :–ਕਲੰਕ=ਦਾਗ਼, ਬਦਨਾਮੀ। ਪ੍ਰਣਾਸ=ਨਾਸ ਕਰਨ ਵਾਲਾ। ਅਗੰਜ=ਅਜਿੱਤ। ਗ਼ਨੀਮ=ਵੈਰੀ। ਰਜ਼ਾਇਕ=ਰਿਜ਼ਕ ਦੇਣ ਵਾਲਾ। ਰਹੀਮ=ਰਹਿਮ ਕਰਨ ਵਾਲਾ।

**ਭਾਵਾਰਥ** :–ਤੂੰ ਕਲੰਕਾਂ ਤੇ ਬਦਨਾਮੀਆਂ ਨੂੰ ਦੂਰ ਕਰਨ ਵਾਲਾ ਹੈਂ, ਸਭ ਦੇ ਅੰਦਰ ਵਸਦਾ ਹੈਂ। ਕੋਈ ਵੈਰੀ ਤੈਨੂੰ ਜਿਤ ਨਹੀਂ ਸਕਦਾ, ਸਭ ਨੂੰ ਰਿਜ਼ਕ ਦੇਣ ਵਾਲਾ ਅਤੇ ਰਹਿਮ ਤਰਸ ਕਰਨ ਵਾਲਾ ਹੈਂ।

ਕਾਵਿ ਭਾਵਾਰਥ :–

ਵੈਰੀ ਕੋਈ ਤੈਨੂੰ ਨਹੀਂ ਜਿਤ ਸਕਦਾ, ਹਰ ਕਲੰਕ ਤਾਈਂ ਕਰੇਂ ਨਾਸ ਪ੍ਰੀਤਮ।
ਰਿਜ਼ਕ ਦੇਣ ਵਾਲਾ ਮਿਹਰਬਾਨ ਹੈਂ ਤੂੰ, ਹਰ ਇਕ ਜੀਵ ਅੰਦਰ ਤੇਰਾ ਵਾਸ ਪ੍ਰੀਤਮ।

**ਸਮਸਤੁਲ ਜ਼ੁਬਾਂ ਹੈਂ ॥ ਕਿ ਸਾਹਿਬ ਕਿਰਾਂ ਹੈਂ ॥**
**ਕਿ ਨਰਕੰ ਪ੍ਰਣਾਸ ਹੈਂ ॥ ਬਹਿਸ਼ਤੁਲ ਨਿਵਾਸ ਹੈਂ ॥੧੫੫॥**

**ਸ਼ਬਦਾਰਥ** :–ਜ਼ੁਬਾਂ=ਜੀਭ। ਸਮਸਤ=ਸਾਰੇ। ਕਿਰਾਂ=ਪ੍ਰਤਾਪ। ਬਹਿਸ਼ਤੁਲ ਨਿਵਾਸ=ਸਵਰਗ ਵਿਚ ਵਸਣ ਵਾਲਾ।

**ਭਾਵਾਰਥ** :–ਤੂੰ ਹਰ ਜੀਵ ਦੀ ਜੀਭਾ ਹੈਂ, ਭਾਵ ਸਭ ਦੇ ਅੰਦਰੋਂ ਤੂੰ ਹੀ ਬੋਲਦਾ ਹੈਂ। ਤੂੰ ਮਹਾਨ ਪ੍ਰਤਾਪੀ ਹੈਂ, ਨਰਕਾਂ ਦਾ ਨਾਸਕ ਹੈਂ ਅਤੇ ਸਵਰਗਾਂ ਦਾ ਵਾਸੀ ਹੈਂ। ਭਾਵ ਜਿਥੇ ਤੂੰ ਹੈਂ ਜਾਂ ਤੇਰਾ ਸਿਮਰਨ ਹੈ ਉਥੇ ਨਰਕਾਂ ਦਾ ਦੁਖ ਨੇੜੇ ਨਹੀਂ ਆਉਂਦਾ, ਸਵਰਗੀ ਸੁਖ ਦਾ ਵਾਸਾ ਹੀ ਰਹਿੰਦਾ ਹੈ।

ਕਾਵਿ ਭਾਵਾਰਥ :–

ਹਰ ਇਕ ਜੀਭ ਵਿਚੋਂ ਪਿਆ ਤੂੰ ਬੋਲੇਂ, ਵਡ ਪ੍ਰਤਾਪੀ ਹੈਂ ਤੂੰ, ਹੇ ਭਗਵਾਨ ਮੇਰੇ।
ਨਰਕਾਂ ਤਾਈਂ ਤੂਹੈ ਨਾਸ ਕਰਨ ਵਾਲਾ, ਸੁਰਗ ਵਿਚ ਵਸਨੈਂ ਮਿਹਰਬਾਨ ਮੇਰੇ।



www.AKJ.Org

**ਸਰਬੁਲ ਗਵੰਨ ਹੈਂ ॥ ਹਮੇਸੁਲ ਰਵੰਨ ਹੈਂ ॥**
**ਤਮਾਮੁਲ ਤਮੀਜ਼ ਹੈਂ ॥ ਸਮਸਤੁਲ ਅਜ਼ੀਜ਼ ਹੈਂ ॥੧੫੬॥**

**ਸ਼ਬਦਾਰਥ** :--ਗਵੰਨ=ਪਹੁੰਚ । ਰਵੰਨ=ਖੁਸ਼ੀ, ਅਨੰਦ । ਤਮੀਜ਼=ਪਛਾਣ । ਅਜ਼ੀਜ਼=ਪਿਆਰਾ ।

**ਭਾਵਾਰਥ** :--ਹਰ ਹਿਰਦੇ ਵਿਚ ਤੇਰੀ ਪਹੁੰਚ ਹੈ । ਤੂੰ ਸਦਾ ਹੀ ਅਨੰਦ ਸਰੂਪ ਹੈਂ । ਤੈਨੂੰ ਹਰ ਇਕ ਜੀਵ ਦੀ ਪਛਾਣ ਹੈ ਅਤੇ ਸਭ ਦਾ ਹੀ ਪਿਆਰਾ ਹੈਂ ।

**ਕਾਵਿ ਭਾਵਾਰਥ** :--

ਹਰ ਇਕ ਜੀਵ ਚਿ, ਹਰ ਥਾਏਂ ਪਹੁੰਚ ਤੇਰੀ, ਤੂ ਹੈਂ ਪੂਰਨ ਅਨੰਦ ਸਰੂਪ ਪ੍ਰੀਤਮ ।
ਹਰ ਜੀਵ ਦੀ ਤੈਨੂੰ ਪਛਾਣ ਪੂਰੀ, ਸਭ ਦੇ ਲਈ ਤੂ ਪਿਆਰ ਦਾ ਰੂਪ ਪ੍ਰੀਤਮ।

**ਪਰੰ ਪਰਮ ਈਸ ਹੈਂ ॥ ਸਮਸਤੁਲ ਅਦੀਸ ਹੈਂ ॥**
**ਅਦੇਸੁਲ ਅਲੇਖ ਹੈਂ ॥ ਹਮੇਸੁਲ ਅਭੇਖ ਹੈਂ ॥੧੫੭॥**

**ਸ਼ਬਦਾਰਥ** :—ਪਰੰ ਪਰਮ=ਸਭ ਤੋਂ ਵਡਾ । ਈਸ=ਈਸ਼ਵਰ,ਸੁਆਮੀ । ਅਦੀਸ=ਆਦਿ+ਈਸ, ਸ਼ੁਰੂ ਤੋਂ ਹੀ ਮਾਲਕ । ਅਦੇਸ=ਦੇਸ ਰਹਿਤ । ਅਲੇਖ=ਲੇਖ ਰਹਿਤ ।

**ਭਾਵਾਰਥ** :—ਤੂੰ ਸਭ ਤੋਂ ਵਡਾ ਮਾਲਕ ਹੈਂ, ਸਭ ਤੋਂ ਉਚਾ ਹੈ, ਸਭ ਦਾ ਮੁਢ ਤੋਂ ਹੀ ਸੁਆਮੀ ਹੈਂ, ਦੇਸ ਰਹਿਤ ਹੈਂ, ਲੇਖ ਅਥਵਾ ਚਿਤ੍ਰ ਰਹਿਤ ਹੈਂ, ਸਦਾ ਹੀ ਭੇਸ ਰਹਿਤ ਹੈਂ ।

**ਕਾਵਿ ਭਾਵਾਰਥ** :—

ਸਰਬ ਸ੍ਰੇਸ਼ਟ, ਸਰਬੋਤਮ, ਸ਼੍ਰੋਮਣੀ ਤੂੰ, ਆਦ ਮੁਢ ਤੋਂ ਸੁਆਮੀ ਤੂੰ ਸਾਰਿਆਂ ਦਾ।
ਤੇਰਾ ਦੇਸ ਕੋਈ ਨਹੀਂ, ਨ ਕੋਈ ਚਿਤ੍ਰ ਤੇਰਾ, ਤੇਰਾ ਭੇਸ ਹੀ ਹੈ ਭੇਸ ਸਾਰਿਆਂ ਦਾ।

**ਜ਼ਮੀਨੁਲ ਜਮਾਂ ਹੈਂ ॥ ਅਮੀਕੁਲ ਇਮਾ ਹੈਂ ॥**
**ਕਰੀਮੁਲ ਕਮਾਲ ਹੈਂ ॥ ਕਿ ਜੁਰਅਤ ਜਮਾਲ ਹੈਂ ॥੧੫੮॥**

**ਸ਼ਬਦਾਰਥ** :—ਜ਼ਮੀਨ=ਧਰਤੀ । ਜ਼ਮਾਂ=ਸਮਾਂ । ਅਮੀਕ=ਡੂੰਘਾ । ਇਮਾ=ਇਸ਼ਾਰਾ, ਰਮਜ਼ । ਕਰੀਮ=ਬਖਸ਼ਿਸ਼ ਕਰਨ ਵਾਲਾ । ਜੁਰਅਤ=ਦਲੇਰੀ । ਜਮਾਨ=ਸੁੰਦਰਤਾ, ਖੂਬਸੂਰਤੀ ।

**ਭਾਵਾਰਥ** :—ਤੂੰ ਜ਼ਮੀਨ ਉਤੇ ਹਰ ਥਾਂ ਅਤੇ ਹਰ ਸਮੇਂ ਵਿਆਪਕ ਹੈਂ, ਅਤੀ ਡੂੰਘੀ ਰਮਜ਼ ਵਾਲਾ ਹੈਂ, ਬਖਸ਼ਿਸ਼ ਕਰਨ ਵਾਲਾ ਤੇ ਕਮਾਲ ਹੈਂ, ਤੇਰੀ ਵੀਰਤਾ ਤੇਰੀ ਸੁੰਦਰਤਾ ਹੈ ।

**ਕਾਵਿ ਭਾਵਾਰਥ** :—

ਹਰ ਸਮੇਂ ਹਰ ਥਾਈਂ ਮੌਜੂਦ ਹੈਂ ਤੂੰ, ਡੂੰਘੀ ਰਮਜ਼ ਇਸ਼ਾਰਾ ਇਮਾਂ ਤੇਰਾ ।
ਅਤੀ ਸੁੰਦਰ, ਬਖਸ਼ਿੰਦ ਦਾਤਾਰ ਮੇਰੇ, ਜੁਰਅਤ ਹੌਂਸਲਾ ਪਰਮ ਮਹਾਂ ਤੇਰਾ ।

**ਕਿ ਅਚਲੰ ਪ੍ਰਕਾਸ ਹੈਂ ॥ ਕਿ ਅਮਿਤੋ ਸੁਬਾਸ ਹੈਂ ॥**
**ਕਿ ਅਜਬ ਸਰੂਪ ਹੈਂ ॥ ਕਿ ਅਮਿਤੋ ਬਿਭੂਤ ਹੈਂ ॥੧੫੯॥**

**ਸ਼ਬਦਾਰਥ** :—ਅਚਲ=ਸਥਿਰ । ਅਮਿਤੋ=ਅਮਿਣਵੀਂ । ਸੁਬਾਸ=ਸੁਗੰਧੀ । ਅਜਬ=ਅਸਚਰਜ । ਬਿਭੂਤ=ਪ੍ਰਤਾਪ ।

**ਭਾਵਾਰਥ** :—ਤੇਰਾ ਪ੍ਰਕਾਸ਼ ਅਡੋਲ ਹੈ, ਤੂੰ ਬਿਅੰਤ ਸੁਗੰਧੀ ਦੇਣ ਵਾਲਾ ਹੈਂ, ਤੇਰਾ ਰੂਪ ਅਜਰਰਜ ਹੈ ਅਤੇ ਤੇਰਾ ਤੇਜ ਪ੍ਰਤਾਪ ਅਮਿਣਵਾਂ ਹੈ ।



www.AKJ.Org

ਕਾਵਿ ਭਾਵਾਰਥ —

ਕਾਇਮ ਦਾਇਮ ਸਥਿਰ ਹੈ ਜੋਤਿ ਤੇਰੀ, ਤੂੰ ਅਮਿਤ ਸੁਗੰਧੀ ਭੰਡਾਰ ਪ੍ਰੀਤਮ।
ਦਾਤਾ, ਤੇਰਾ ਸਰੂਪ ਅਸਚਰਜ ਡਾਢਾ, ਤੇਰਾ ਤੇਜ ਅਮਿਣਤ ਅਪਾਰ ਪ੍ਰੀਤਮ।

**ਅਮਿਤੋ ਪਸਾ ਹੈਂ॥ ਕਿ ਆਤਮ ਪ੍ਰਭਾ ਹੈਂ॥**
**ਕਿ ਅਚਲੰ ਅਨੰਗ ਹੈਂ॥ ਕਿ ਅਮਿਤੋ ਅਭੰਗ ਹੈਂ॥੧੯੦॥**

**ਸ਼ਬਦਾਰਥ** :—ਪਸਾ=ਪਸਾਰਾ। ਅਮਿਤੋ ਪਸਾ=ਬਿਅੰਤ ਖਿਲਾਰੇ ਵਾਲਾ। ਪ੍ਰਭਾ=ਚਾਨਣ। ਆਤਮ=ਆਪਾ। ਆਤਮ ਪਸਾ=ਜਿਸ ਦਾ ਆਪਾ, ਪ੍ਰਕਾਸ਼ ਹੀ ਪ੍ਰਕਾਸ਼ ਹੈ। ਅਨੰਗ=ਅੰਗ ਜਾਂ ਸਰੀਰ ਰਹਿਤ। ਅਨੰਗ=ਨਾਸ ਰਹਿਤ।

**ਭਾਵਾਰਥ** :—ਪ੍ਰਭੂ, ਇਹ ਜਗਤ ਰੂਪੀ ਬਿਅੰਤ ਖਿਲਾਰਾ ਤੇਰਾ ਹੀ ਖਿਲਾਰਿਆ ਹੋਇਆ ਹੈ। ਤੇਰਾ ਆਪਾ ਨਿਰਾ ਪ੍ਰਕਾਸ਼ ਹੀ ਪ੍ਰਕਾਸ਼ ਹੈ, ਚਾਨਣ ਹੀ ਚਾਨਣ ਹੈ। ਤੂੰ ਸਥਿਰ ਹੈਂ, ਅਡੋਲ ਹੈਂ, ਸਰੀਰ ਅਕਾਰ ਰਹਿਤ ਹੈਂ, ਬੇਅੰਤ ਹੈਂ ਤੇ ਨਾਸ ਰਹਿਤ ਹੈਂ।

ਕਾਵਿ ਭਾਵਾਰਥ :—

ਇਸ ਸਭ ਅਸੀਮ ਪਸਾਰੇ ਦਾ ਸੁਆਮੀ ਹੈਂ ਤੂ, ਤੇ ਸੁਯੰਮ ਹੈ ਚਾਨਣ ਪ੍ਰਕਾਸ਼ ਤੇਰਾ।
ਤੂ ਅਡੋਲ ਹੈਂ, ਬਿਨਾ ਸਰੀਰ ਵੀ ਏਂ, ਤੂ ਬਿਅੰਤ ਹੈਂ, ਨਹੀਂ ਹੁੰਦਾ ਨਾਸ ਤੇਰਾ।

---

## ਗੁਰਬਾਣੀ

[ਵਲੋਂ—ਗਿ: ਗੋਪਾਲ ਸਿੰਘ ਜੀ ਮਿੱਤਰ, ਮਾਲਬ (ਗੁੜਗਾਉਂ)]

ਵਿਥਾਂ ਵਿਤਕਰੇ ਜਗ ਦੇ ਮੇਟਦੀ ਏ, ਅਰਸ਼ੋਂ ਆਈ ਹੋਈ ਅਪਰੰ-ਪਾਰ ਬਾਣੀ।
ਧਰਮ ਅਰਥ ਅਤੇ ਕਾਮ ਮੋਖ ਦੇਵੇ, ਜੋ ਵੀ ਪੜ੍ਹੇ ਤੇ ਸੁਣੇ ਵਿਚਾਰ ਬਾਣੀ।
ਮਨੂਆ ਆਤਮਾ - ਨੰਦ ਵਿਚ ਜੁੜੇ ਜਾ ਕੇ, ਦੇਵੇ ਭਵਜਲੋਂ ਪਾਰ ਉਤਾਰ ਬਾਣੀ।
ਜਨਮ ਜਨਮ ਦੇ ਤਪਦਿਆਂ ਹਿਰਦਿਆਂ ਨੂੰ, ਚੰਦਨ ਵਾਂਗ ਕਰਦੀ ਠੰਡਾ ਠਾਰ ਬਾਣੀ।੧।

ਫੁਟਣ ਕੋਮਲ ਕਰੂੰਬਲਾਂ ਪਿਆਰ ਦੀਆਂ, ਅਰਸ਼ੀ ਬਾਣੀ ਦਾ ਮਿੱਠਾ ਪੈਗਾਮ ਸੁਣ ਕੇ।
ਭਰਿਆ ਜਾਏ ਮੁਹੱਬਤ ਦੇ ਨਾਲ ਹਿਰਦਾ, ਉੱਚਾ ਸੁੱਚਾ ਇਲਾਹੀ ਕਲਾਮ ਸੁਣ ਕੇ।
ਸਾਗਰ ਮਾਨਵਤਾ ਦਾ ਠਾਠਾਂ ਮਾਰ ਆਵੇ, ਮਿੱਠਾ ਜਗ - ਤਾਰਕ ਹਰੀ - ਨਾਮ ਸੁਣ ਕੇ।
ਟਿਕੇ ਸ਼ਾਂਤ ਅਵਸਥਾ ਵਿਚ ਮਗਨ ਹੋ ਕੇ, ਅੜੀਅਲ ਮਨੂਆ ਇਹ ਬੇਲਗਾਮ ਸੁਣ ਕੇ।੨।

ਮਸਤ ਹੋਵੰਦਾ ਸਾਰਾ ਬ੍ਰਹਿਮੰਡ ਦਿਸੇ, ਏਸ ਬਾਣੀ ਦੀ ਮਿੱਠੀ ਆਵਾਜ਼ ਸੁਣ ਕੇ।
ਨਚਣ ਲਗ ਪਵੇ ਇਹ ਕਾਇਨਾਤ ਸਾਰੀ, ਰੱਬ ਰੂਪ ਇਹ ਰਾਗਾਂ ਦਾ ਸਾਜ਼ ਸੁਣ ਕੇ।
ਚੰਨ ਤਾਰੇ ਵੀ ਝੁਕ ਝੁਕ ਨਿਵਾਣ ਮਸਤਕ, ਉਚ-ਵਿਚਾਰ ਤਖ਼ਈਅਲ ਪਰਵਾਜ਼ ਸੁਣ ਕੇ।
ਠੱਗ, ਚੋਰ, ਪਾਪੀ ਪਾਮਰ ਆਉਣ ਨੱਸੇ, ਭਵਜਲ ਤਾਰਦਾ ਬਾਣੀ ਜਹਾਜ਼ ਸੁਣ ਕੇ।੩।

ਸੂਖਮ ਭਾਵ ਗੁਰਬਾਣੀ ਦੇ ਸਮਝਿਆਂ ਹੀ, ਟੁੱਟੇ ਦਿਲਾਂ ਨੂੰ ਚੈਨ ਕਰਾਰ ਆਵੇ।
ਜੀਵਨ ਮਿਲੇ ਮੁਰਝਾਏ ਹੋਏ ਬੂਟਿਆਂ ਨੂੰ, ਪਤਝੜ ਨੱਸੇ, ਜਿਉਂ ਬਾਗੀਂ ਬਹਾਰ ਆਵੇ।
ਜਾਗ ਪੈਣ ਜਜ਼ਬੇ ਸੁਤੇ ਚਿਰਾਂ ਦੇ ਵੀ, ਦਿਲਾ ਵਿਚ ਉਮਾਹ ਪਿਆਰ ਆਵੇ।
ਸਾਰਾ ਵਿਸ਼ਵ ਭਾਸੇ ਰੱਬ ਰੂਪ 'ਮਿੱਤਰ', ਯਾਦ ਵਸੇ ਹਿਰਦੇ ਨਿਰੰਕਾਰ ਆਵੇ।੪।



www.AKJ.Org

# ਨਨਕਾਣਾ ਆਜ਼ਾਦ ਹੋਵੇ !

[ਵਲੋਂ—ਸ: ਤਰਲੋਚਨ ਸਿੰਘ ਜੀ, ਗਾਂਧੀ ਨਗਰ, ਦਿਲੀ]

ਮੇਰੀ ਆਵਾਜ਼ ਹੈ—
ਨਨਕਾਣਾ ਆਜ਼ਾਦ ਹੋਵੇ !
ਮੇਰੀ ਆਵਾਜ਼ ਹੈ—
ਪੰਥ ਆਜ਼ਾਦ ਹੋਵੇ !
ਮੇਰੀ ਆਵਾਜ਼ ਹੈ
ਜਨਤਾ ਖ਼ੁਸ਼ਹਾਲ ਹੋਵੇ !
ਮੇਰੀ ਆਵਾਜ਼ ਹੈ
ਧਰਮ ਦਾ ਰਾਜ ਹੋਵੇ !
ਮੈਂ ਰਵ੍ਹਾਂ ਜਾਂ ਨਾ ਰਵ੍ਹਾਂ
ਪਰ ਇਹ ਆਵਾਜ਼ ਸਦਾ ਰਹੇਗੀ।
ਮੇਰੇ ਜਾਣ ਤੋਂ ਬਾਅਦ ਵੀ,
ਇਹ ਆਵਾਜ਼ ਕਾਇਮ ਰਹੇਗੀ।
ਉੱਨਾ ਚਿਰ ਗੂੰਜਦੀ ਰਹੇਗੀ
ਜਿੰਨਾ ਚਿਰ ਨਨਕਾਣਾ ਆਜ਼ਾਦ ਹੋ ਨਹੀਂ ਜਾਂਦਾ,
ਪੰਥ ਆਜ਼ਾਦ ਹੋ ਨਹੀਂ ਜਾਂਦਾ !
ਨੇਕੀ ਤੇ ਇਨਸਾਫ਼ ਨੂੰ
ਧਰਮ ਤੇ ਪਰਉਪਕਾਰ ਨੂੰ
ਸਥਾਪਤ ਕਰਨ ਲਈ
ਖਾਲਸਾ ਪੰਥ ਆਪਣੇ ਪਹਿਰੇ ਤੇ ਖਲੋ ਨਹੀਂ ਜਾਂਦਾ।

ਇਹ ਆਵਾਜ਼ ਗੂੰਜਦੀ ਰਹੇਗੀ,
ਕਿਉਂਕਿ ਇਹਦੀ ਪ੍ਰੇਰਨਾ ਮਿਲੀ ਹੈ ਮੈਨੂੰ,
ਦਸਾਂ ਸਤਿਗੁਰਾਂ ਦੀ ਅਗੰਮੀ ਤੇ ਇਲਾਹੀ ਬਾਣੀ ਤੋਂ,
ਹਾਂ,
ਦਸਾਂ ਸਤਿਗੁਰਾਂ ਦੀ ਆਤਮਕ ਜੋਤਿ
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਨ ਬਖ਼ਸ਼ਸ਼ ਤੋਂ।
ਉਸ ਮਹਾਨ ਸਿਖਿਆ ਤੇ ਪ੍ਰੇਰਨਾ ਦਾ ਅੰਸ਼
ਇਨ੍ਹਾਂ ਵਿਚ ਮੌਜੂਦ ਹੈ।
ਮੈਂ ਤਾਂ ਸਦਾ ਭੁਲਣਹਾਰ ਹਾਂ,
ਪਰ ਮੇਰੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ
ਸਦਾ ਬਖਸ਼ਿੰਦ, ਸਦਾ ਦਿਆਲ, ਸਦਾ ਕ੍ਰਿਪਾਲ ਹਨ !
ਲੜ ਲਗਿਆਂ ਦੀ ਲਾਜ ਉਹ ਆਪ ਰਖ ਲੈਂਦੇ ਹਨ !
ਸਰਣ ਪਿਆਂ ਦੀ ਉਹ ਬਾਂਹ ਫੜ ਲੈਂਦੇ ਹਨ !
ਤੇ ਜਨਮ ਮਰਨ ਤੋਂ ਰਹਿਤ ਕਰ ਦਿੰਦੇ ਹਨ !
ਸ਼ਬਦ ਦਾ ਆਸਰਾ ਦੇ ਕੇ
ਸ਼ਬਦ ਵਿਚ ਹੀ ਲੀਨ ਕਰ ਲੈਂਦੇ ਹਨ।

ਮੈਂ ਰਵ੍ਹਾਂ ਜਾਂ ਨਾ ਰਵ੍ਹਾਂ
ਮੇਰੀ ਆਵਾਜ਼ ਕਾਇਮ ਰਹੇਗੀ।
ਕਿਉਂਕਿ ਇਹ ਜੁਗੋ ਜੁਗ ਅਟੱਲ ਸਤਿਗੁਰੂ
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ
ਬਖਸ਼ਸ਼ ਤੇ ਪ੍ਰੇਰਨਾ ਨਾਲ ਲਫ਼ਜ਼ਾਂ ਦਾ ਰੂਪ ਧਾਰ ਕੇ
ਹਿਰਦੇ ਵਿਚੋਂ ਨਿਕਲਦੀ ਹੈ !

## ਦੀਵਾਲੀ

[ ਵਲੋਂ :—ਸ: ਦੇਵਾ ਸਿੰਘ ਜੀ 'ਕਿਰਤੀ', ਅੰਮ੍ਰਿਤਸਰ ]

ਸਤਿਗੁਰੂ ਜੀ ਨੇ ਸੋਹਣੀ ਦਸੀ, ਕੈਸੀ ਚਾਲ ਨਿਰਾਲੀ।
ਜਾਗਤ ਜੋਤਿ ਜਗੇ ਦਿਨ ਰਾਤੀ, ਦਿਤੀ ਬਾਲ ਦੀਵਾਲੀ।
ਜਿਥੇ ਵਾਸ ਹਰੀ ਦਾ ਹੋਵੇ, ਆਪੇ ਮਾਇਆ ਆਵੇ।
ਮਾਇਆ ਦਾਸੀ ਬਣ ਕੇ ਓਥੇ ਸੋਹਣੀ ਸੇਵ ਕਮਾਵੇ।
ਤਾਂ ਤੇ ਸਾਰੀ ਦੁਨੀਆ ਦੇ ਵਿਚ ਇਹ ਸੋਹਣਾ ਹਰਿਮੰਦਰ।
ਮੁਕਤੀ, ਭੁਗਤੀ, ਜੁਗਤੀ ਤਿੰਨੇ, ਰਹਿਣ ਸਦਾ ਜਿਸ ਅੰਦਰ।
ਮਾਇਆ ਵੀ ਸਫਲੀ ਹੋ ਜਾਵੇ, ਜੇ ਸੱਚੇ ਮਾਰਗ ਲਾਵਣ।
'ਕਿਰਤੀ' ਮਾਇਆ ਤੇ ਰੱਬ ਦੋਵੇਂ, ਕੈਸਾ ਖੇਲ ਖਿਲਾਵਣ।



www.AKJ.Org

(੧)

# ਅਬਦਾਲੀ ਤੇ ਸਿੱਖ

[ ਵਲੋਂ :—ਕੈਪਟਨ ਸਵਰਨ ਸਿੰਘ ਜੀ, ਘਰਿਆਲਾ ]

ਨੋਟ :—ਇਸ ਲੇਖ-ਲੜੀ ਦੀ ਪਹਿਲੀ ਇਹ ਕਿਸ਼ਤ ਦਿਤੀ ਜਾ ਰਹੀ ਹੈ। ਅਗਲੀਆਂ ਕਿਸ਼ਤਾਂ ਵਿਚ ਵਿਸਥਾਰ ਸਹਿਤ ਵਡੇ ਘਲੂਘਾਰੇ ਬਾਰੇ ਅਤੇ ਹੋਰ ਸਮਾਚਾਰ ਖ਼ਾਲਸੇ ਦੀ ਬਹਾਦਰੀ ਅਤੇ ਸ਼ਹੀਦੀਆਂ ਦੇ ਦਿਤੇ ਜਾਣਗੇ। —ਸੰਪਾਦਕ

ਪਾਨੀਪਤ ਦੀ ਤੀਜੀ ਲੜਾਈ ਵਿਚ ਮਰਹੱਟਿਆਂ ਨੂੰ ਹੋਈ ਹਾਰ ਨੇ, ਮਰਹੱਟਿਆਂ ਦੀ ਤਾਕਤ ਦਾ ਲੱਕ ਤੋੜ ਦਿਤਾ। ਉਤਰੀ ਭਾਰਤ ਵਿਚ ਉਹਨਾਂ ਦੀ ਤਾਕਤ ਸਦਾ ਲਈ ਖ਼ਤਮ ਹੋ ਗਈ। ਇਸ ਤੋਂ ਪਿਛੋਂ ਮਰਹੱਟੇ ਭਾਵੇਂ ਸਹਿਕਦੇ ਤਾਂ ਰਹੇ ਪਰ ਦਸ ਸਾਲ ਤੱਕ ਸੁਰਤ ਨਹੀਂ ਆਈ। ਸਾਹ ਵੀ ਐਸਾ ਉਖੜਿਆ ਕਿ ਮੁਦਤਾਂ ਤਕ ਟਿਕਾਣੇ ਨਾ ਆ ਸਕਿਆ। ਪਾਨੀਪਤ ਦੇ ਜੇਤੂ ਅਹਿਮਦ ਸ਼ਾਹ ਦੇ ਮੂਹਰੇ ਮੁਗ਼ਲ ਰਾਜ ਚੁਫਾਲ ਡਿਗ ਕੇ ਸਜਦੇ ਕਰ ਰਿਹਾ ਸੀ। ਦਿਲੀ ਤਕ ਉਸ ਨੂੰ ਠੱਲ੍ਹ ਪਾਉਣ ਵਾਲੀ ਹੁਣ ਕੋਈ ਤਾਕਤ ਰਹਿ ਨਹੀਂ ਸੀ ਗਈ। ਅਬਦਾਲੀ ਚੂੰਕਿ ਇਕ ਲੁਟੇਰੇ ਅਤੇ ਧਾੜਵੀ ਅਫ਼ਗ਼ਾਨ ਵਾਂਗ ਹਮਲਾ-ਆਵਰ ਹੋਇਆ ਸੀ, ਇਸ ਲਈ ਇਸ ਨੇ ਇਸ ਜਿਤ ਚੋਂ ਕੋਈ ਰਾਜਸੀ ਲਾਭ ਉਠਾਉਣ ਦਾ ਉਪਰਾਲਾ ਨਾ ਕੀਤਾ। ਬਾਬਰ ਵਾਂਗ ਉਸ ਨੇ ਆਪਣਾ ਰਾਜ ਸਥਾਪਤ ਕਰਨ ਦੀ ਸੋਚ ਨਹੀਂ ਸੋਚੀ। ਇਹ ਗੱਲ ਉਹ ਕੁਦਰਤੀ ਸੋਚ ਵੀ ਨਹੀਂ ਸੀ ਸਕਦਾ। ਪਹਿਲੀ ਗੱਲ ਤਾਂ ਇਹ ਕਿ ਏਡੇ ਵਡੇ ਭਾਰਤ ਦੇਸ਼ ਨੂੰ ਕੰਧਾਰ ਦੀ ਦੂਰ-ਦੁਰਾਡੀ ਰਾਜਧਾਨੀ ਤੋਂ ਬੈਠ ਕੇ ਆਪਣੇ ਕਬਜ਼ੇ ਵਿਚ ਰਖਣਾ ਬੜਾ ਔਖਾ ਸੀ। ਦੂਜਾ ਸਭ ਤੋਂ ਵਡਾ ਖ਼ਤਰਾ ਪੰਜਾਬ ਵਿਚ ਦਿਨ ਬਦਿਨ ਖਾਲਸਾ ਜੀ ਦੀ ਤਾਕਤ ਦਾ ਵਾਧਾ ਸੀ, ਜੋ ਹਰ ਪਲ ਦਰਿਆ ਦੀ ਕਾਂਗ ਵਾਂਗ ਚੜ੍ਹਦਾ ਆਉਂਦਾ ਸੀ, ਜਿਸਦੀ ਗੂੰਜ ਤੇ ਸੂਕ ਪਾਨੀਪਤ ਦੇ ਜੇਤੂ ਨੂੰ ਉਸ ਦੇ ਇਕਤਦਾਰ ਦੀ ਸਦੀਵੀ ਤਬਾਹੀ ਦੀ ਸੁਨਾਉਣੀ ਦੇ ਰਹੀ ਸੀ।

ਉਪਰਲੀਆਂ ਦੋ ਸੋਚਾਂ ਤਾਂ ਉਸ ਸੋਚ ਲਈਆਂ ਪਰ ਤੀਜੀ ਸੋਚ ਉਸ ਨੇ ਬਹੁਤੀ ਦੂਰ-ਅੰਦੇਸ਼ੀ ਨਾਲ ਨਹੀਂ ਸੋਚੀ। ਉਹ ਇਹ ਕਿ ਦਿਲੀ ਦੇ ਰਾਜ ਨੂੰ ਜਿਨ੍ਹਾਂ ਦੇ ਡਰ ਤੋਂ ਛਡਿਆ, ਆਪਣੇ ਦੇਸ਼ ਦੀਆਂ ਲੋੜਾਂ ਗਰਜ਼ਾਂ ਪੂਰੀਆਂ ਕਰਨ ਲਈ ਉਹਨਾਂ ਦੇ ਦੇਸ਼ ਨੂੰ ਹੀ ਆਪਣੇ ਸ਼ਕੰਜੇ ਵਿਚ ਜਕੜੀ ਰਖਣ ਦਾ ਫ਼ੈਸਲਾ ਕਰ ਲਿਆ। ਭਾਵ ਪੰਜਾਬ ਨੂੰ, ਜੋ ਇਕ ਸੋਨਾ ਉਗਲਣ ਵਾਲਾ ਖ਼ਿਤਾ ਸੀ ਤੇ ਕੰਗਾਲ ਅਫ਼ਗਾਨਿਤਾਨ ਨੂੰ ਰਜਵਾਂ ਰੋਟੀ-ਟੁਕ ਦੇ ਸਕਦਾ ਸੀ, ਉਸਨੂੰ ਆਪਣੇ ਰਥ ਦੇ ਪਹੀਏ ਨਾਲ ਬੰਨ੍ਹਣ ਦਾ ਫ਼ੈਸਲਾ ਕਰ ਲਿਆ। ਉਸਨੇ ਪਾਨੀਪਤ ਦੀ ਜਿਤ ਦੇ ਖ਼ੁਮਾਰ ਵਿਚ ਇਹ ਨਹੀਂ ਸੋਚਿਆ ਕਿ ਇਹ ਜੂਹ ਖ਼ਾਲੀ ਨਹੀਂ। ਇਸ ਵਿਚ ਹੁਣ ਸ਼ੇਰ ਵਸਦੇ ਹਨ। ਗਊਆਂ, ਹਰਨਾਂ, ਰੋਝਾਂ, ਸਹਿਆਂ, ਗਿਦੜਾਂ, ਲੂੰਬੜਾਂ ਦਾ ਸ਼ਿਕਾਰੀ ਉਕਾ ਭੁਲ ਗਿਆ ਕਿ ਇਸ ਜੂਹ ਵਿਚ ਸ਼ੇਰ ਵੀ ਹਨ। ਅਜੇ ਤਕ ਉਸ ਨੂੰ ਖਾਲਸਈ ਤੇਗ ਦੇ ਜੋਹਰਾਂ ਦਾ ਪਤਾ ਨਹੀਂ ਸੀ ਲਗਾ, ਭਾਵੇਂ ਉਸ ਦਾ ਮਾਲਕ ਨਾਦਰ ਸ਼ਾਹ ਦੁਰਾਨੀ ਸਿੰਘਾਂ ਦੀਆਂ ਕਈ ਮਾਰੂ ਝਪਟਾਂ ਵੇਖ ਚੁਕਾ ਸੀ ਤੇ ਸਿੰਘਾਂ ਹਥੋਂ ਬੜਾ ਜਾਨੀ ਤੇ ਮਾਲੀ ਨੁਕਸਾਨ ਉਠਾ ਚੁਕਿਆ ਸੀ ਅਤੇ ਉਹਨਾਂ ਦੀ ਨਟਾਂ ਦੁਆਰਾ ਲਾਈ ਨਕਲ ਵੇਖ ਕੇ ਆਪਣੀ ਪਾਰਖੂ ਅੱਖ ਨਾਲ ਤਾੜ ਗਿਆ ਸੀ ਕਿ ਉਸ ਦਾ ਵਾਹ ਕਿਸ ਰਾਠ ਕੌਮ ਨਾਲ ਹੈ ਤੇ ਜਾਂਦਾ ਹੋਇਆ ਲਾਹੌਰ ਦੇ ਹਾਕਮਾਂ ਨੂੰ ਚਿਤਾਵਨੀ ਵੀ ਦੇ



www.AKJ.Org

ਗਇਆ ਸੀ ਕਿ "ਅਜ਼ੀਂ ਕੌਮ ਬੂਏ ਪਾਤਸ਼ਾਹੀ ਮੀ-ਆਇਦ"—ਅਰਥਾਤ ਇਸ ਕੌਮ ਤੋਂ ਸ਼ਹਿਨਸ਼ਾਹੀ ਦੀ ਬੂ ਆਉਂਦੀ ਹੈ।

ਅਹਿਮਦ ਸ਼ਾਹ ਅਬਦਾਲੀ ਨੇ ਇਹ ਫ਼ੈਸਲਾ (ਪੰਜਾਬ ਨੂੰ ਭਾਰਤ ਨਾਲੋਂ ਕੱਟ ਕੇ ਅਫ਼ਗਾਨਿਸਤਾਨ ਨਾਲ ਜੋੜ ਲੈਣ ਦਾ) ਕਰਨ ਲਗਿਆਂ ਪੰਜਾਬ ਵਿਚ ਖ਼ਾਲਸਾ ਜੀ ਦੀ ਤਾਕਤ ਦਾ ਅੰਦਾਜ਼ਾ ਸਹੀ ਸਹੀ ਨਹੀਂ ਲਾਇਆ। ਪਾਨੀਪਤ ਦੀ ਜਿੱਤ ਦਾ ਨਸ਼ਾ ਏਨਾ ਸੀ ਕਿ ਸੰਭਵ ਹੈ ਕਿ ਉਸ ਨੇ ਇਸ ਤਾਕਤ ਨੂੰ ਗੌਲਿਆ ਹੀ ਨਾ ਹੋਵੇ। ਮੁਗ਼ਲ, ਮਰਹੱਟਿਆਂ ਤੇ ਜਾਟਾਂ ਦੀ ਤੇਗ ਨਾਲੋਂ ਖ਼ਾਲਸਈ ਤੇਗ ਦਾ ਅਨਮਿਣਤ ਫ਼ਰਕ ਹੈ। ਜਿਸ ਦਾ ਪਤਾ ਉਸ ਨੂੰ ਪੂਰੀ ਤਰ੍ਹਾਂ ਬਾਅਦ ਵਿਚ ਲਗਾ। ਅਫ਼ਗਾਨ ਬੱਚਾ ਕਲਾਕੰਦ ਦੇ ਭੁਲੇਵੇਂ ਸੁਚੇ ਫ਼ੌਲਾਦ ਦੀ ਡਲੀ ਮੂੰਹ ਵਿਚ ਪਾ ਬੈਠਾ। ਜਬਾੜਿਆਂ ਦਾ ਟੁਟ ਜਾਣਾ ਕੁਦਰਤੀ ਸੀ। ਉਸ ਦੀ ਚੰਗੀ ਕਿਸਮਤ ਨੇ ਫਿਰ ਵੀ ਉਸ ਦਾ ਸਾਥ ਦਿਤਾ ਕਿ ਪੰਜਾਬ ਵਿਚ ਕਿਸੇ ਕਬਰ ਵਿਚ ਪੈਣ ਤੋਂ ਬਚ ਗਿਆ।

## *ਦਿਲੀ ਦਾ ਤਖ਼ਤ*

ਬੜੀ ਦੂਰ-ਦ੍ਰਿਸ਼ਟੀ ਨਾਲ ਉਸ ਨੇ ਦਿਲੀ ਦੇ ਤਖ਼ਤ ਤੇ ਆਲਮਗੀਰ ਦੂਜੇ ਦੇ ਗ਼ਾਜ਼ੀਉੱਦੀਨ ਦੇ ਹਥੋਂ ਕਤਲ ਪਿਛੋਂ ਉਸ ਦੇ ਪੁੱਤਰ ਸ਼ਹਿਜ਼ਾਦਾ ਅਲੀ ਗੌਹਰ ਨੂੰ, ਜੋ ਬਾਅਦ ਵਿਚ ਸ਼ਾਹ ਆਲਮ ਦੂਜਾ ਬਣਿਆ, ਬਿਠਾ ਦਿੱਤਾ*। ਸ਼ੁਜਾਹਉੱਦੌਲਾ, ਨਜੀਬ ਉੱਦੌਲਾ, ਅਤੇ ਕਰਨਲ ਕਲਾਈਵ ਤੇ ਮਰਹੱਟਿਆਂ ਨੇ ਅਬਦਾਲੀ ਦੀ ਬੇਨਤੀ ਤੇ ਸ਼ਾਹ ਆਲਮ ਸਾਨੀ ਨੂੰ ਦਿਲੀ ਦਾ ਤਾਜਦਾਰ ਮੰਨ ਲਿਆ। ਦਿਲੀ ਦਾ ਤਾਜਦਾਰ ਹੁਣ ਅਹਿਮਦ ਸ਼ਾਹ ਦਾ ਪੁਤਰੇਲਾ ਬਣ ਗਿਆ।

ਅਹਿਮਦ ਸ਼ਾਹ ਨੇ ਭਾਵੇਂ ਮਰਹੱਟਿਆਂ ਨੂੰ ਪੂਰੀ ਤਰ੍ਹਾਂ ਚਿਤ ਕਰ ਸੁਟਿਆ ਸੀ, ਪਰ ਉਹ ਚਾਹੁੰਦਾ ਸੀ ਕਿ ਇਸ ਕਰੜੀ ਮਾਰ ਤੋਂ ਪਿਛੋਂ ਇਹਨਾਂ ਨੂੰ ਜੇ ਥੋੜਾ ਜਿਹਾ ਪੁਚਕਾਰ ਕੇ ਦਿਲਾਸਾ ਦੇ ਲਿਆ ਜਾਵੇ ਤਾਂ ਫਿਰ ਪੰਜਾਬ ਦਾ ਘੁਟ ਬੜਾ ਸਹਿਲੇ ਹੀ ਭਰਿਆ ਜਾ ਸਕਦਾ ਹੈ। ਉਸ ਵੇਲੇ ਭਾਵੇਂ ਮਰਹੱਟਿਆਂ ਦੀ ਇਕ ਤਕੜੀ ਫ਼ੌਜ ਗਵਾਲੀਅਰ ਲਾਗੇ ਛਾਉਣੀ ਪਾਈ ਬੈਠੀ ਸੀ, ਪਰ ਉਹ ਮੌਕਾ ਨਾ ਸੰਭਾਲ ਸਕੇ। ਅਬਦਾਲੀ ਤੇ ਲਗਦੇ ਹੱਥ ਇਕ ਕਰਾਰੀ ਸੱਟ ਮਾਰਨ ਦੀ ਥਾਂ ਸਗੋਂ ਸ਼ਾਹ‡ ਦੀਆਂ ਸੁਲਹ ਦੀਆਂ ਚਾਲਾਂ ਵਿਚ ਆ ਗਏ। ਪਾਨੀਪਤ ਦੀ ਹਾਰ ਵਜੋਂ ਅਹਿਮਦ ਸ਼ਾਹ ਦਾ ਡਰ ਮਰਹੱਟਿਆਂ ਦੀ ਰੂਹ ਤੇ ਏਨਾ ਛਾ ਚੁਕਿਆ ਸੀ।

ਸ਼ਾਹ ਨੇ ਬਾਪੂ ਜੀ ਹਿੰਗਣੇ ਨੂੰ ਹੱਥ-ਠੋਕਾ ਬਣਾਇਆ (ਹਿੰਗਣੇ ਮਰਹੱਟਿਆਂ ਦਾ ਏਜੰਟ ਸੀ) ਤੇ ਪੇਸ਼ਵਾ ਨਾਲ ਸ਼ਾਹ ਦੀ ਸੁਲਾਹ ਸਫਾਈ ਲਈ ਇਸਨੂੰ ਵਰਤਿਆ। ਇਸ ਦੀ ਸਲਾਹ ਨਾਲ ਯਾਕੂਬ ਖ਼ਾਨ ਨੂੰ ਇਸ ਨਾਲ ਪੇਸ਼ਵਾ ਪਾਸ ਗਵਾਲੀਅਰ ਭੇਜਿਆ। ਦੇਵਨੇਤ ਨਾਲ ਪੇਸ਼ਵਾ ਦੀ ਸਿਹਤ ਠੀਕ ਨਹੀਂ ਸੀ। ਨਾਲੇ ਮਰਹੱਟਾ ਸਰਦਾਰ ਮਲ੍ਹਾਰ ਰਾਉ ਹੁਲਕਰ ਅਤੇ ਨਾਰੋ ਸ਼ੰਕਰ ਪੰਡਤ, ਸ਼ਾਹ ਨਾਲ ਮੇਲ ਤੋਂ ਕੁਝ ਹਿਚਕਚਾਉਂਦੇ ਸਨ। ਇਹ ਮੁਆਮਲਾ ਕੁਝ ਚਿਰ ਲਈ ਖੱਟੇ ਪੈ ਗਿਆ।**

ਸ਼ਾਹ, ਪੇਸ਼ਵਾ ਬਾਲਾ ਜੀ ਬਾਜੀ ਰਾਉ ਦੀ ਮਾਨਸਿਕ ਹਾਲਤ ਨੂੰ ਸਮਝਦਾ ਸੀ। ਪਾਨੀਪਤ ਦੀ ਲੜਾਈ ਵਿਚ ਉਸਦਾ ਜਵਾਨ ਵੱਡਾ ਪੁੱਤ ਵਿਸ਼ਵਾਸ ਰਾਉ, ਪੇਸ਼ਵਾ ਦਾ ਚਚੇਰਾ ਭਰਾ ਸਦਾ ਸ਼ਿਵ ਰਾਉ ਅਤੇ ਹੋਰ ਬੜੇ ਬਹਾਦਰ ਤੇ ਮੁਖੀ ਸਰਦਾਰ ਮਾਰੇ ਜਾ ਚੁਕੇ ਸਨ ਤੇ ਉਹ ਇਸ ਵੇਲੇ ਬੜੇ ਭਾਰੀ ਸੋਗ, ਗ਼ਮ ਤੇ ਰੰਜ ਵਿਚ ਡੁੱਬਾ ਹੋਇਆ ਸੀ। ਅਹਿਮਦ ਸ਼ਾਹ ਨੇ ਸਮੇਂ ਦੀ ਨਜ਼ਾਕਤ ਨੂੰ ਸਮਝਦਿਆਂ ਹੋਇਆਂ ਉਸ ਨੂੰ ਹਮਦਰਦੀ ਭਰਿਆ ਖ਼ਤ ਲਿਖਿਆ, ਜੋ ਇਸ ਪ੍ਰਕਾਰ

* ਫ਼ਾਲ ਆਫ਼ ਦੀ ਮੁਗ਼ਲ ਐਮਪਾਇਰ, ਜਾਦੂ ਨਾਥ ਸਰਕਾਰ, ਸਾਰ ਡਿਸਾਈ (ਨਿਊ ਹਿਸਟਰੀ ਆਫ਼ ਦੀ ਮਰਾਠਾਜ਼) **Vol II**, 445—46, ਮੁਰਤਜ਼ਾ ਅਲੀ ਖ਼ਾਨ ਮੁਨੀਰਉਲ ਦੌਲਾ, ਸਫ਼ਾ .4 ਤੋਂ 16।

‡ਸ਼ਾਹ ਤੋਂ ਭਾਵ ਅਹਿਮਦ ਸ਼ਾਹ ਅਬਦਾਲੀ।

** ਡਾ: ਗੰਡਾ ਸਿੰਘ ਜੀ, ਅਹਿਮਦ ਸ਼ਾਹ ਅਬਦਾਲੀ।



www.AKJ.Org

ਹੈ:—''ਕੋਈ ਕਾਰਨ ਜਾਂ ਵਜਹ ਨਜ਼ਰ ਨਹੀਂ ਆਉਂਦੀ ਕਿ ਤੁਹਾਡੇ ਸਾਡੇ ਦਰਮਿਆਨ ਕੋਈ ਖਟਪੱਟੀ ਰਹੇ। ਇਹ ਠੀਕ ਹੈ ਕਿ ਤੁਹਾਡਾ ਪੁੱਤਰ ਤੇ ਭਾਈ ਮਾਰੇ ਗਏ ਹਨ. ਪਰ ਇਹ ਮੰਦਭਾਗੀ ਲੜਾਈ ਭਾਊ ਸਾਹਿਬ ਵਲੋਂ ਛੇੜੀ ਗਈ ਸੀ ਤੇ ਸਾਨੂੰ ਆਪਣੇ ਬਚਾ ਲਈ ਇਸ ਤੋਂ ਉਪਰੰਤ ਹੋਰ ਕੋਈ ਚਾਰਾ ਨਹੀਂ ਸੀ। ਫਿਰ ਵੀ ਸਾਨੂੰ ਇਸ ਬਾਰੇ ਨੁਕਸਾਨ ਦਾ ਬੜਾ ਹੀ ਅਫ਼ਸੋਸ ਹੈ। ਜੇ ਤੁਸੀਂ ਸਾਨੂੰ ਪੰਜਾਬ ਦਾ ਸਤਲੁਜ ਤਕ ਦਾ ਸਾਰਾ ਇਲਾਕਾ ਰਹਿਣ ਦਿਉ, ਯਾਨੀ ਸਾਡੇ ਕਬਜ਼ੇ ਵਿਚ ਰਹਿਣ ਦਿਉ, ਅਤੇ ਸ਼ਾਹ ਆਲਮ ਸਾਨੀ ਨੂੰ ਦਿਲੀ ਦਾ ਬਾਦਸ਼ਾਹ ਤਸਲੀਮ ਕਰ ਕੇ ਉਸ ਦੀ ਪੂਰੀ ਪੂਰੀ ਹਿਫ਼ਾਜ਼ਤ ਕਰੋ ਤਾਂ ਅਸੀਂ ਦਿਲੀ ਰਾਜ ਦਾ ਸ਼ਾਹੀ ਪਰਬੰਧ ਬੜੀ ਖ਼ੁਸ਼ੀ ਨਾਲ ਤੁਹਾਡੀ ਮਰਜ਼ੀ ਗੋਚਰਾ ਛੱਡ ਦੇਂਦੇ ਹਾਂ। ਹੁਣ ਤੁਸੀਂ ਪਿਛਲੀ ਹੋਈ ਬੀਤੀ ਅਤੇ ਹੋ ਚੁਕੇ ਨੁਕਸਾਨ ਨੂੰ ਭੁਲਾ ਦਿਉ ਤੇ ਆਪਾਂ ਹੁਣ ਅਗੇ ਲਈ ਸਦੀਵੀ ਮਿਤਰਤਾ ਦੀ ਡੋਰ ਵਿਚ ਬੱਝ ਜਾਈਏ, ਜਿਸ ਦੇ ਅਸੀਂ ਤਨੋਂ ਮਨੋਂ ਇਛਕ ਹਾਂ।''

ਵਜ਼ੀਰ ਸ਼ਾਹ ਵਲੀ ਖ਼ਾਨ ਨੇ ਵੀ ਏਸੇ ਕਿਸਮ ਦਾ ਹੀ ਸੱਦ-ਭਾਵਨਾ ਵਾਲਾ ਖ਼ਤ ਲਿਖਿਆ। ਇਹ ਦੋਵੇਂ ਚਿਠੀਆਂ ਤੇ ਨਾਲ ਯੋਗ ਖ਼ਿਲਅਤਾਂ ਦੇ ਕੇ ਆਪਣੇ ਵਕੀਲ ਗੁਲਰਾਜ ਨੂੰ ਪੇਸ਼ਵਾ ਦੀ ਸੇਵਾ ਵਿਚ ਭੇਜਿਆ।

ਗੁਲਰਾਜ ਨੇ 10 ਫ਼ਰਵਰੀ ਨੂੰ ਪੇਸ਼ਵਾ ਨੂੰ ਇਹ ਖ਼ਤ ਦਿਤੇ। ਪੇਸ਼ਵਾ ਤਾਂ ਖ਼ੁਦ ਇਸ ਸਾਰੀ ਜ਼ਹਿਮਤ ਤੋਂ ਦੁਖੀ ਸੀ ਤੇ ਹਰ ਮੁਲ ਉਤੇ ਅਮਨ ਸੁਲ੍ਹਾ ਦਾ ਇਛਕ ਸੀ। ਉਸ ਨੇ ਝਟ ਗੰਗਾ ਧਰ ਚੰਦਰਾ ਚੰਦ ਨੂੰ ਹਦਾਇਤ ਦੇ ਕੇ ਤੋਰਿਆ ਕਿ ਇਹ ਸਾਰਾ ਮੁਆਮਲਾ ਨਿਪਟਾ ਆਵੇ। ਅਧ ਮਾਰਚ ੧੭੬੧ ਈਸਵੀ ਤਕ ਇਹ ਸਾਰੀਆਂ ਗੱਲਾਂ ਜ਼ਬਾਨੀ ਕਲਾਮੀ ਤੈਅ ਹੋ ਗਈਆਂ, ਸਿਰਫ਼ ਲਿਖਣਾ ਹੀ ਬਾਕੀ ਸੀ। ਸਿਹਤ ਦੀ ਖ਼ਰਾਬੀ ਕਾਰਨ ਪੇਸ਼ਵਾ ਏਨਾ ਚਿਰ ਨਾ ਅਟਕ ਸਕਿਆ ਕਿ ਇਸ ਨੂੰ ਲਿਖਤੀ ਰੂਪ ਵਿਚ ਵੇਖ ਸਕੇ। ਉਹ ੨੦ ਮਾਰਚ ਨੂੰ ਦਖਣ ਨੂੰ ਤੁਰ ਗਿਆ। ਤਿੰਨ ਦਿਨ ਬਾਅਦ ਯਾਨੀ ੨੩ ਮਾਰਚ ਨੂੰ ਉਸ ਨੇ ਸਫ਼ਰ ਵਿਚੋਂ ਹੀ ਆਪਣੇ ਵਕੀਲ ਹੀਂਗਣੇ ਨੂੰ ਲਿਖਿਆ :—

''ਮੈਂ ਤੁਹਾਡੀ ਵਲ ਸ਼ਾਹ ਅਬਦਾਲੀ ਤੇ ਉਸ ਦੇ ਵਜ਼ੀਰ ਸ਼ਾਹ ਵਲੀ ਖ਼ਾਨ ਦੇ ਖ਼ਤਾਂ ਦੇ ਜਵਾਬ ਭੇਜ ਰਿਹਾ ਹਾਂ, ਜਿਹੜੇ ਖ਼ਤ ਉਨ੍ਹਾਂ ਦੇ ਵਕੀਲ ਗੁਲਰਾਜ ਖ਼ਾਨ ਨੇ ਲਿਆਂਦੇ ਹਨ। ਸ਼ਾਹ ਨਾਲ ਸੁਲ੍ਹਾ ਤੇ ਅਮਨ ਦੀ ਬਾਤ ਚੀਤ ਲਈ ਮੈਂ ਅਨਵਰ ਉਲਾ ਖ਼ਾਨ ਤੇ ਹੁਸੈਨ ਮੁਹੰਮਦ ਖ਼ਾਨ ਨੂੰ ਨੀਯਤ ਕੀਤਾ ਹੈ। ਮੈਂ ਮਲ੍ਹਾਰ ਰਾਉ ਨੂੰ ਪੂਰੇ ਅਖ਼ਤਿਆਰ ਦੇ ਦਿਤੇ ਹਨ ਕਿ ਉਹ ਇਸ ਮੁਆਮਲੇ ਨੂੰ ਚੰਗੀ ਤਰ੍ਹਾਂ ਨਜਿਠ ਆਵੇ। ਤੁਹਾਨੂੰ ਹਦਾਇਤ ਹੈ ਕਿ ਤੁਸੀਂ ਮਲ੍ਹਾਰ ਰਾਉ ਨਾਲ ਸਿਧੀ ਬਾਤ ਚੀਤ ਕਰੋ ਤੇ ਉਸ ਦੇ ਫ਼ੈਸਲੇ ਨੂੰ ਆਖ਼ਰੀ ਸਮਝੋ। ਤੁਹਾਨੂੰ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਤੁਸੀਂ ਇਨ੍ਹਾਂ ਦੋ ਮਸ਼ੀਰਾਂ ਅਨਵਰ ਉਲਾ ਤੇ ਹੁਸੈਨ ਮੁਹੰਮਦ ਨਾਲ ਪੂਰਾ ਪੂਰਾ ਸਲਾਹ ਮਸ਼ਵਰਾ ਕਰੋ ਤੇ ਅਹਿਮਦ ਸ਼ਾਹ ਨਾਲ ਜਿਵੇਂ ਜਿਵੇਂ ਗੱਲ ਬਾਤ ਅਗਾਂਹ ਵਧੇ, ਮੈਨੂੰ ਵੀ ਸੂਚਿਤ ਰਖੋ।''

## ਅਬਦਾਲੀ ਦੀ ਕੰਧਾਰ ਨੂੰ ਤਿਆਰੀ

ਅਹਿਮਦ ਸ਼ਾਹ ਏਨੇ ਨੂੰ ੨੦ ਮਾਰਚ ਨੂੰ ਵਾਪਸ ਕੰਧਾਰ ਨੂੰ ਤੁਰ ਗਿਆ। ਮਲ੍ਹਾਰ ਰਾਉ ਹੁਲਕਰ ਵਜੋਂ ਪੇਸ਼ਵਾ ਨੂੰ ਗੰਗਾ ਧਰ ਯਸ਼ਵੰਤ ਨੇ ਮਈ ੧੭੬੧ ਈਸਵੀ ਨੂੰ ਲਿਖਿਆ ਸੀ :—ਸ਼ਾਹ ਨੇ ਹਿੰਗਣੇ ਦੇ ਸਾਮ੍ਹਣੇ ਸ਼ੁਜਾਹ ਉਦੌਲਾ ਤੇ ਉਸ ਦੇ ਹਮੈਤੀ ਰੁਹੇਲੇ ਸਰਦਾਰਾਂ ਨੂੰ ਬੜੇ ਸਾਫ਼ ਤੇ ਸਪੱਸ਼ਟ ਸ਼ਬਦਾਂ ਵਿਚ ਹਦਾਇਤ ਕੀਤੀ ਸੀ ਕਿ ਉਸ ਨੇ ਪੇਸ਼ਵਾ ਨਾਲ ਸਦੀਵੀ ਮਿਤ੍ਰਤਾ ਤੇ ਅਮਨ ਕਾਇਮ ਕਰ ਲਿਆ ਹੈ ਅਤੇ ਤੁਸਾਂ ਸਾਰਿਆਂ ਨੇ, ਭਾਵ ਸ਼ੁਜਾਹ ਉੱਦੌਲਾ ਤੇ ਰੁਹੇਲੇ ਸਰਦਾਰਾਂ ਆਦਿ ਨੇ, ਉਸਦੀ ਸਰਦਾਰੀ ਅੱਗੇ ਸਿਰ ਝੁਕਾਉਣਾ ਹੈ। **ਏਸੇ ਵਿਚ ਤੁਹਾਡਾ ਸਾਰਿਆਂ ਦਾ ਭਲਾ ਹੈ**। ਸ਼ਾਹ ਨੇ ਇਹ ਵੀ ਹੁਕਮ ਯਾਕੂਬ ਖ਼ਾਨ ਨੂੰ ਦਿਤਾ ਸੀ ਕਿ ਉਹ ਆਪ ਪੂਨੇ ਹਿੰਗਣੇ ਦੇ ਨਾਲ



www.AKJ.Org

ਪੇਸ਼ਵਾ ਪਾਸ ਜਾਵੇ ਤੇ ਇਹ ਸੰਧੀ ਲਿਖਤੀ ਰੂਪ ਵਿਚ ਕਰ ਲਵੇ ।*

ਪਿਆਰੇ ਪਾਠਕ ਜੀ, ਇਹ ਸਾਰਾ ਪਿਛੋਕੜ ਮੈਂ ਇਕ ਖ਼ਾਸ ਵਜ੍ਹਾ ਕਰਕੇ ਲਿਖਿਆ ਹੈ । ਪਹਿਲਾਂ ਤਾਂ ਇਹ ਕਿ ਸ਼ਾਹ ਸਾਰੇ ਹਿੰਦੁਸਤਾਨ ਤੇ ਕਬਜ਼ਾ ਨਾ ਰਖ ਸਕਣ ਦੀ ਆਪਣੀ ਕਮਜ਼ੋਰੀ ਨੂੰ, ਸਿਰਫ਼ ਪੰਜਾਬ ਦਾ ਇਲਾਕਾ ਲੈ ਕੇ ਹੀ ਸੰਤੋਖ ਕਰ ਲੈਣ ਦਾ ਝਾਂਸਾ ਦੇ ਕੇ ਗਹਿਰੀ ਚਾਲ ਖੇਡ ਕੇ ਛੁਪਾ ਗਿਆ। ਮੁਖ਼ਾਲਫ਼ਾਂ ਉਤੇ ਜ਼ਾਹਿਰ ਨਹੀਂ ਹੋਣ ਦਿਤਾ ਕਿ ਇਸ ਲੁਟੇਰੇ ਦੀ ਅਸਲ ਬਸਾਤ ਕੀ ਹੈ ਤੇ ਇਹ ਦਿਲੋਂ ਚਾਹੁੰਦਾ ਕੀ ਹੈ ।

ਦੂਜਾ, ਦਿਲੀ ਦੇ ਤਖ਼ਤ ਤੇ ਇਕ ਕੱਠ-ਪੁਤਲੀ ਬਿਠਾ ਦਿਤੀ, ਜੋ ਮਨ-ਆਈਆਂ ਮੌਜਾਂ ਉਡਾਵੇ ਤੇ ਜਨਤਾ ਪਵੇ ਖੂਹ ਵਿਚ, ਉਹ ਸਿਰਫ਼ ਸ਼ਾਹ ਦੇ ਇਸ਼ਾਰੇ ਨਚਦੀ ਰਹੇ । ਹਿੰਦੀਆਂ ਦਾ ਤਾਜ਼ਾ ਤਾਜ਼ਾ ਖ਼ੂਨ ਚੂਸ ਕੇ ਗੁਜ਼ਾਰੇ ਜੋਗਾ ਰਖ ਕੇ, ਬਾਕੀ ਭੁੱਖੀ ਅਫ਼ਗਾਨ ਕੌਮ ਦੀਆਂ ਨਾੜੀਆਂ ਵਿਚ ਸਿੰਚਰਨ ਲਈ ਕੰਧਾਰ ਭੇਜੀ ਜਾਵੇ, ਭਾਵ ਹਿੰਦੀਆਂ ਦਾ ਹੀ ਸਿਰ ਤੇ ਹਿੰਦੀਆਂ ਦੀਆਂ ਹੀ ਜੁੱਤੀਆਂ ।

ਤੀਜਾ ਮਰਹੱਟਿਆਂ ਤੇ ਮੁਗਲਾਂ ਨੇ ਆਪਣੀ ਖਲ ਬਚਾਉਣ ਲਈ ਹਿੰਦੁਸਤਾਨ ਦਾ ਬੇਨਜ਼ੀਰ ਟੁਕੜਾ, ਸਭ ਤੋਂ ਵਧੀਆ, ਤਕੜਾ ਤੇ ਨਰੋਆ ਅੰਗ, ਪੰਜਾਂ ਦਰਿਆਵਾਂ ਦੀ ਧਰਤੀ, ਜਿਸ ਤੇ ਦਸ ਗੁਰੂਆਂ ਦੀ ਰਹਿਮਤ ਹੋਈ ਸੀ ਤੇ ਜਿਸ ਨੇ ਗ਼ੁਲਾਮੀ ਦੀਆਂ ਜ਼ੰਜੀਰਾਂ ਲਾਹ ਸੁਟਣ ਦਾ ਬਲ ਪੈਦਾ ਕਰ ਲਿਆ ਸੀ, ਅਣਖ ਨਾਲ ਜੀਉਣ ਦਾ ਸਬਕ ਪੂਰੀ ਤਰ੍ਹਾਂ ਪਕਾ ਲਿਆ ਸੀ ਅਤੇ ਬਾਕੀ ਭਾਰਤ ਨੂੰ ਭੀ ਇਹੋ ਸਬਕ ਦ੍ਰਿੜ੍ਹਾਉਣ ਦਾ ਨਿਸ਼ਾਨਾ ਮਿਥ ਲਿਆ ਸੀ, ਨੂੰ ਵਢ ਕੇ (ਭਾਰਤ ਨਾਲੋਂ ਕਟ ਕੇ) ਅਫ਼ਗਾਨ ਬਘਿਆੜਾਂ ਅੱਗੇ ਸੁਟ ਦਿਤਾ । ਲਉ ਤੁਸੀਂ ਆਹ ਛਕੋ ਤੇ ਬਾਕੀ ਹਿੱਸੇ ਨੂੰ ਅਸੀਂ ਚੂੰਡਦੇ ਹਾਂ । ਭਾਰਤ ਮਾਤਾ ਦਿਆਂ ਸਪੂਤਾਂ ਨੇ ਇਕ ਪਲ ਲਈ ਵੀ ਨਹੀਂ ਸੋਚਿਆ ਕਿ ਅਣਖ, ਮਨੁਖਤਾ, ਦੇਸ਼ ਪਿਆਰ ਦੇ ਪਖੋਂ ਆਉਣ ਵਾਲੀਆਂ ਨਸਲਾਂ ਸਾਨੂੰ ਹਮੇਸ਼ਾ ਲਈ ਫਿਟਕਾਰਾਂ ਪਾਇਆ ਕਰਨਗੀਆਂ । ਪੰਜਾਬ ਦੀ ਕੁਰਬਾਨੀ ਦੇ ਕੇ ਚੰਦ ਪਲਾਂ ਦੀ ਨਿਗੂਣੀ ਜ਼ਿੰਦਗੀ ਮੁੱਲ ਲਈ । ਇਸ ਸੌਦੇ ਵਿਚ ਕੀ ਲਿਆ ਤੇ ਕੀ ਮੁੱਲ ਤਾਰਿਆ ? ਇਸ ਦਾ ਫ਼ੈਸਲਾ ਸੂਝਵਾਨ ਪਾਠਕ ਸਜਣ ਖ਼ੁਦ ਕਰ ਲੈਣ ।

ਆਪਣੀ ਵਲੋਂ ਤਾਂ ਸ਼ੇਰਾਂ ਦੀ ਜੂਹ ਨੂੰ ਨਿਲਾਮ ਕਰ ਦਿਤਾ ਤੇ ਸ਼ਾਹ ਨੇ ਤੇਗ ਨਾਲ ਖਰੀਦੀ ਹੋਈ ਜਾਇਦਾਦ ਸਮਝ ਲਿਆ, ਪਰ ਇਤਿਹਾਸ ਗਵਾਹ ਹੈ ਕਿ ਏਨੇ ਬਾਨ੍ਹਣੂੰ ਬਨ੍ਹ ਕੇ ਵੀ ਤੇ ਅੱਡੀ ਚੋਟੀ ਦਾ ਜ਼ੋਰ ਲਾ ਕੇ ਵੀ ਅਹਿਮਦ ਸ਼ਾਹ ਤੇ ਉਸ ਦੀ ਔਲਾਦ ਇਸ ਧਰਤੀ ਨੂੰ ਇਕ ਦਿਨ ਲਈ ਵੀ ਕਾਬੂ ਵਿਚ ਨਾ ਰਖ ਸਕੀ ਤੇ ਇਸ ਉਤੇ ਇਕ ਪਲ ਲਈ ਵੀ ਸੁਖ ਦਾ ਸਾਹ ਨਾ ਲੈ ਸਕੀ । ਖ਼ਾਲਸਾ ਜੀ ਨੇ ਭਾਵੇਂ ਕੁਝ ਵੀ ਮੁੱਲ ਦਿਤਾ, ਪਰ ਅੱਜ ਤੱਕ ਕਦੇ ਪਿਛਾਂਹ ਭੌਂ ਕੇ ਨਹੀਂ ਵੇਖਿਆ, ਕੁਰਬਾਨੀਆਂ ਦਾ ਲੇਖਾ ਨਹੀਂ ਕੀਤਾ, ਸਗੋਂ ਕੁਰਬਾਨੀਆਂ ਹੱਸ ਹਸ ਦਿਤੀਆਂ, ਫਟ ਸਿਧੇ ਮਥਿਆਂ ਤੇ ਛਾਤੀਆਂ ਤੇ ਖਾਧੇ, ਪਰ ਪੰਜਾਬ ਨੂੰ ਜ਼ਾਤੀ ਮਲਕੀਅਤ ਸਮਝ ਕੇ ਅਫ਼ਗਾਨਿਸਤਾਨ ਦਾ ਹਿਸਾ ਬਣਾਉਣ ਵਾਲਿਆਂ ਨੂੰ ਅਗੋਂ ਫੁਟਣ ਜਾਂ ਪੁੰਗਰਨ ਤੱਕ ਨਾ ਦਿੱਤਾ ।

ਅਹਿਮਦ ਸ਼ਾਹ ਦਾ ਇਰਾਦਾ ਪੰਜਾਬ ਦਾ ਸਾਰਾ ਇਲਾਕਾ ਸਤਲੁਜ ਤਕ ਆਪਣੇ ਦੇਸ਼ ਨਾਲ ਸ਼ਾਮਲ ਕਰਨ ਦਾ ਸੀ, ਅਤੇ ਖ਼ਾਲਸਾ ਜੀ ਦਾ ਫ਼ੈਸਲਾ ਕਾਬਲੀ ਲੁਟੇਰੇ ਨੂੰ ਪੰਜਾਬ ਦੀ ਜੂਹ ਵਿਚ ਦਬੱਲੀ ਫਿਰਨਾ ਤੇ ਘਰਕਾਉਣਾ ਤੇ ਕੰਧਾਰ ਦੀਆਂ ਕੰਧਾਂ ਤਕ ਕੋਡੀ ਖਿਡਾਉਣਾ ਸੀ । ਕੌਣ ਜਿਤਿਆ ਤੇ ਕੌਣ ਹਾਰਿਆ ਤੇ ਕਿਸ ਦਾ ਫ਼ੈਸਲਾ ਠੋਸ ਸਾਬਤ ਹੋਇਆ, ਇਸ ਦੇ ਅਕੱਟ ਸਬੂਤ ਲਈ ਸਮੇਂ ਦੇ ਇਤਿਹਾਸ ਦੇ ਪੰਨੇ ਗਵਾਹੀ ਦੇ ਰਹੇ ਹਨ ।

---

* ਸਾਰ ਡਿਸਾਈ ਦੀ ਕਿਤਾਬ "ਨਿਊ ਹਿਸਟਰੀ ਆਫ਼ ਦੀ ਮਰਾਠਾਜ਼" **Vol II,** ਸਫ਼ਾ 44 ਤੋਂ 48 ਅਤੇ ਸਰਕਾਰ **Vol II,** 378 ਤੋਂ 82 ।



www.AKJ.Org

## ਜਾਟਾਂ ਦੀ ਸਰਕੋਬੀ ਵਿਚ ਅਸਫ਼ਲਤਾ

ਅਹਿਮਦ ਸ਼ਾਹ ਅਬਦਾਲੀ ਫਰਵਰੀ ਦੇ ਮਹੀਨੇ ਵਿਚ ਜਦ ਦਿਲੀ ਵਿਚ ਸੀ, ਉਸਨੇ ਚਾਹਿਆ ਕਿ ਸੂਰਜ ਮਲ ਜਾਟ ਨਾਲ ਵੀ ਗੱਲਬਾਤ ਰਾਹੀਂ ਨਿਬੜ ਜਾਵੇ ਤੇ ਉਹ ਵੀ ਹੀਣਾ ਕਰ ਲਿਆ ਜਾਵੇ। ਬੇਗਮ ਜ਼ੀਨਤ ਮਹਲ ਨੂੰ ਕਿੜ ਸੀ ਕਿ ਉਸ ਦੇ ਪਤੀ ਆਲਮਗੀਰ ਸਾਨੀ (ਦੂਜਾ) ਦੇ ਕਾਤਲ ਗ਼ਾਜ਼ੀਉੱਦੀਨ ਨੂੰ ਜਾਟ ਨੇ ਪਨਾਹ ਦਿਤੀ ਸੀ, ਇਸ ਲਈ ਇਸ ਨਾਲ ਸ਼ਾਹ ਦੀ ਗੱਲ ਬਾਤ ਸਿਰੇ ਨਾ ਚੜ੍ਹਨ ਦਿੱਤੀ ਜਾਵੇ। ਸ਼ਾਹ ਨੂੰ ਚੁਕਿਆ ਕਿ ਇਸ ਜਾਟ ਨੇ ਪੋਲੇ ਪੈਰੀਂ ਤੇ ਨਰਮੀ ਨਾਲ ਕਾਬੂ ਨਹੀਂ ਆਉਣਾ, ਇਸ ਨੂੰ ਪੂਰਾ ਪੂਰਾ ਸਬਕ ਸਿਖਾਇਆ ਜਾਵੇ। ਉਹ ਅੰਦਰ ਖਾਤੇ ਸ਼ਾਹ ਤੇ ਜਾਟ ਨੂੰ ਉਲਝਾ ਕੇ ਬਦਲੇ ਵਜੋਂ ਸੂਰਜ ਮੱਲ ਨੂੰ ਖ਼ਤਮ ਕਰਾਉਣਾ ਚਾਹੁੰਦੀ ਸੀ। ਅਹਿਮਦ ਸ਼ਾਹ ਨੇ ਸਮੇਤ ਜ਼ੀਨਤ ਮਹਲ, ਸ਼ਹਿਜ਼ਾਦਾ ਜਵਾਨ ਬਖ਼ਤ ਅਤੇ ਮਿਰਜ਼ਾ ਬਾਬਰ ਦੇ ੭ ਮਾਰਚ ੧੭੬੧ ਨੂੰ ਇਕ ਤਕੜੀ ਮੁਹਿੰਮ ਆਗਰੇ ਵੱਲ ਨੂੰ ਤੋਰੀ। ਪਰ ਦੁਰਾਨੀ ਸਿਪਾਹੀਆਂ ਨੇ, ਜੋ ੧੬ ਮਹੀਨਿਆਂ ਤੋਂ ਬਦੇਸ਼ ਵਿਚ ਫਿਰ ਰਹੇ ਸਨ ਤੇ ਕਈਆਂ ਮਹੀਨਿਆਂ ਦੀ ਅਜੇ ਤਨਖਾਹ ਵੀ ਨਹੀਂ ਸੀ ਮਿਲੀ, ਤੇ ਪਾਨੀਪਤ ਅਤੇ ਦਿਲੀ ਵਿਚੋਂ ਉਹਨਾਂ ਦੇ ਹਥ ਕੁਛ ਵੀ ਨਹੀਂ ਸੀ ਲਗਾ ਅਤੇ ੧੭੫੭ ਦੀ ਮੁਹਿੰਮ ਵੇਲੇ ਹੈਜ਼ੇ ਨਾਲ ਉਹਨਾਂ ਦੇ ਹਜ਼ਾਰਾਂ ਸਾਥੀ ਮੱਖੀਆਂ ਵਾਂਗ ਮਥਰਾ ਦੀ ਜੂਹ ਵਿਚ ਮਰੇ ਸਨ, ਉਹ ਹੌਲਨਾਕ ਨਜ਼ਾਰੇ ਜੋ ਉਨ੍ਹਾਂ ਨੂੰ ਅਗੇ ਚੰਗੀ ਤਰ੍ਹਾਂ ਚੇਤੇ ਸਨ, ਫਿਰ ਉਸੇ ਤਰ੍ਹਾਂ ਹੀ ਉਨ੍ਹਾਂ ਦੀਆਂ ਅਖਾਂ ਅਗੇ ਘੁੰਮਣ ਲਗ ਪਏ। ਉਨ੍ਹਾਂ ਨੇ ਏਸ ਪਾਸੇ ਨੂੰ ਤੁਰਨੋਂ ਹੀ ਇਨਕਾਰ ਕਰ ਦਿੱਤਾ। ਨਾਲ ਹੀ ਹਿੰਦੁਸਤਾਨ ਦਾ ਗਰਮ ਮੌਸਮ ਸਿਰ ਤੇ ਚੜ੍ਹਿਆ ਆ ਰਿਹਾ ਸੀ। ਮਹਾਰਾਜਾ ਸਵਾਏ ਮਾਧੋ ਸਿੰਘ ਨਾਲ ਪਹਿਲਾਂ ਤੋਂ ਮਿਥੀ ਮੁਲਾਕਾਤ ਜੋ ਆਗਰੇ ਹੋਣੀ ਸੀ, ਉਸਦਾ ਖਿਆਲ ਵੀ ਸ਼ਾਹ ਨੂੰ ਛਡਣਾ ਪਿਆ। ਸੋ ਇਹ ਮੁਹਿੰਮ ਰੋਕ ਦਿਤੀ ਤੇ ਅਫ਼ਗਾਨਿਸਤਾਨ ਨੂੰ ਤਿਆਰੀ ਕੀਤੀ।*

## ਦਿੱਲੀ ਤੋਂ ਰਵਾਨਗੀ

ਸ਼ਾਹ ਨੇ ਆਪਣਾ ਪੇਸ਼-ਖ਼ੈਮਾ ੧੩ ਮਾਰਚ ਨੂੰ ਤੋਰਿਆ ਤੇ ਨਾਲ ਹੀ ਸਾਰਾ ਲੁਟ ਦਾ ਸਾਮਾਨ ਤੋਰਿਆ। ੨੦ ਮਾਰਚ ਨੂੰ ਸ਼ਹਿਰ ਛੱਡ ਕੇ ਅਹਿਮਦ ਗੰਜ ਵਿਖੇ ਕੰਪੂ ਵਿਚ ਆ ਗਿਆ। ਏਥੋਂ ੨੨ ਮਾਰਚ ਨੂੰ ਚਾਲੇ ਪਾ ਕੇ ਫਿਰ ੨੭ ਮਾਰਚ ਨੂੰ ਅੰਬਾਲੇ ਡੇਰਾ ਕੀਤਾ।‡

## ਸ਼ਾਹ ਦੇ ਮਨ 'ਚ ਡਰ ਕਿਸਦਾ ਰੜਕਦਾ ਸੀ

ਤੁਸੀਂ ਪਿਛੇ ਪੜ੍ਹ ਆਏ ਹੋ ਕਿ ਸ਼ਾਹ ਨੇ ਪੇਸ਼ਵਾ ਨੂੰ ਇਕ ਚਿਠੀ ਲਿਖੀ ਸੀ। ਇਸਦੇ ਜਵਾਬ ਸਤਿਕਾਰ ਵਜੋਂ ਪੇਸ਼ਵਾ ਨੇ ਆਪਣੇ ਵਕੀਲ, ਸ਼ਾਹ ਪਾਸ ਭੇਜੇ ਸਨ। ਗੰਗਾ ਧਰ ਯਸ਼ਵੰਤ, ਮਲ੍ਹਾਰ ਰਾਓ ਵਜੋਂ ਜੋ ਚਿਠੀ ਪੇਸ਼ਵਾ ਨੂੰ ਲਿਖੀ ਸੀ, ਉਸ ਵਿਚ ਉਸ ਨੇ ਹਿੰਗਣੇ ਦੀ ਹਾਜ਼ਰੀ ਵਿਚ ਜੋ ਹਦਾਇਤਾਂ ਸ਼ੁਜਾਉਦ-ਦੌਲਾ ਤੇ ਉਸ ਦੇ ਰੁਹੇਲੇ ਮਦਦਗਾਰ ਸਰਦਾਰਾਂ ਨੂੰ ਦਿਤੀਆਂ ਸਨ, ਉਹਨਾਂ ਵਿਚ ਆਖ਼ਰੀ ਫਿਕਰਾ (ਵਾਕ) ਉਹਨਾਂ ਲਈ ਖ਼ਾਸ ਮਹੱਤਤਾ ਵਾਲਾ ਸੀ ਅਤੇ ਇਕ ਕਿਸਮ ਦੀ ਰਾਜਸੀ ਸੂਝ ਵਾਲੀ ਚਿਤਾਵਨੀ ਵੀ ਸੀ। "………. ਤੁਸਾਂ ਸਾਰਿਆਂ ਨੇ (ਸ਼ੁਜਾਉਦ-ਦੌਲਾ ਅਤੇ ਉਸਦੇ ਸਹਾਇਕ ਰੁਹੇਲੇ ਸਰਦਾਰਾਂ) ਉਸ ਦੀ (ਪੇਸ਼ਵਾ ਦੀ) ਸਰਦਾਰੀ ਅਗੇ ਸਿਰ ਝੁਕਾਉਣਾ ਹੈ। **ਏਸੇ ਵਿਚ ਤੁਹਾਡਾ ਸਾਰਿਆਂ ਦਾ ਭਲਾ ਹੈ।**"

---

*ਮੁਰਾਸਲਾਤ ਅਹਿਮਦ ਸ਼ਾਹ ਦੁਰਾਨੀ ਨੰਬਰ 25 ਤੇ 27.

‡ਦੇਹਲੀ ਕਰਾਨੀਕਲ, ਨਜੀਬਉਦ-ਦੌਲਾ, 52 ਬ–53 ਬ। ਸਰਕਾਰ 375–76, ਕਾਨੂੰਗੋ ਸਫ਼ਾ 143. ਕਿਹਾ ਜਾਂਦਾ ਹੈ ਕਿ ਸੂਰਜ ਮਲ ਨੇ ਇਕ ਲੱਖ, ਸ਼ਾਹ ਦੇ ਏਲਚੀਆਂ ਨੂੰ ਦਿਤਾ ਸੀ। ਇਸ ਤੋਂ ਪਿਛੋਂ ਪੰਜ ਲੱਖ ਹੋਰ ਦੇਣ ਦਾ ਵਾਇਦਾ ਕੀਤਾ ਸੀ। ਹਿਸਟਰੀ ਆਫ਼ ਦੀ ਜਾਟਸ ਕਾਨੂੰਗੋ।



www.AKJ.Org

ਪਾਠਕ ਜੀ, ਏਥੇ ਹੁਣ ਥੋੜੀ ਜਿਹੀ ਵਿਚਾਰ ਲੋੜੀਂਦੀ ਹੈ। ਅਹਿਮਦ ਸ਼ਾਹ ਪਾਨੀਪਤ ਦਾ ਜੇਤੂ ਹੈ। ਮਰਹੱਟਿਆਂ ਦੀ ਤਾਕਤ ਚੂਰ ਚੂਰ ਹੋ ਚੁਕੀ ਹੈ। ਆਉਣ ਵਾਲੇ ਕਾਫੀ ਸਮੇਂ ਲਈ ਉਹ ਸਾਰੇ ਬਲ-ਹੀਨ ਕਰ ਦਿਤੇ ਗਏ ਹਨ। ਦਿਲੀ ਦੇ ਤਖ਼ਤ ਉਤੇ ਉਸਨੇ ਮਨ-ਮਰਜ਼ੀ ਦੀ ਕਠਪੁਤਲੀ ਬਿਠਾ ਲਈ ਹੈ। ਨਜ਼ੀਬਉਦ-ਦੌਲਾ ਉਸਦਾ ਪੂਰੀ ਤਰ੍ਹਾਂ ਖ਼ੈਰਖ਼ਾਹ ਹੈ। ਸ਼ੁਜਾਉਦ-ਦੌਲਾ ਅਤੇ ਰੁਹੇਲੇ ਉਸ ਦੇ ਮਦਦਗਾਰ ਹਨ। ਰਾਜਾ ਸਵਾਏ ਮਾਧੋ ਸਿੰਘ ਉਸਦੀ ਤਾਬਿਆ ਹੈ। ਅੰਗਰੇਜ਼ ਤਾਕਤ ਅਜੇ ਦਿੱਲੀ ਤੋਂ ਬਹੁਤ ਦੂਰ ਹੈ ਅਤੇ ਨਾ ਹੀ ਅਜੇ ਉਹ ਅਬਦਾਲੀ ਨਾਲ ਲੋਹਾ ਲੈਣ ਜੋਗੇ ਹਨ। ਸਾਰੇ ਭਾਰਤ ਵਿਚ ਉਸ ਅਗੇ ਕੋਈ ਚੂੰ ਨਹੀਂ ਕਰ ਰਿਹਾ, ਪਰ ਜਿਸ ਤਰ੍ਹਾਂ ਹਦਾਇਤਾਂ ਦੇ ਅਖੀਰਲੇ ਵਾਕ ਤੋਂ ਸਪੱਸ਼ਟ ਹੈ, **ਅਜੇ ਵੀ ਅਬਦਾਲੀ ਦੇ ਦਿਲ ਵਿਚ ਕਿਸੇ ਪਾਸਿਓਂ ਇਕ ਭਾਰਾ ਡਰ ਰੜਕਦਾ ਹੈ।** ਜਦ ਸਾਰੇ ਹੀ ਹਿੰਦ ਵਿਚ ਉਸ ਨੇ ਤਮਾਮ ਰਾਜੇ, ਰਾਣੇ, ਨਵਾਬ, ਬਾਦਸ਼ਾਹ ਅਤੇ ਪੇਸ਼ਵਾ ਰਣ ਕੇ ਆਪਣੇ ਅਧੀਨ ਕਰ ਲਏ ਤੇ ਇਹਨਾਂ ਹਦਾਇਤਾਂ ਵਿਚ ਉਸਦਾ ਇਸ਼ਾਰਾ ਕਿਸ ਵਲ ਹੈ ਜਿਸ ਤੋਂ ਡਰਦਾ ਉਹ ਕਹਿੰਦਾ ਹੈ ਕਿ ਪੇਸ਼ਵਾ ਦੀ ਸਰਦਾਰੀ ਮੰਨੋ, **ਇਸੇ ਵਿਚ ਹੀ ਤੁਹਾਡਾ ਸਾਰਿਆਂ ਦਾ ਭਲਾ ਹੈ।**

ਕਿਸ ਖ਼ਤਰੇ ਤੋਂ ਭਲਾ ? ਸਿਆਣੇ ਪਾਠਕ ਜੀ, ਉਹ ਖ਼ਤਰਾ ਉਸ ਦੀਆਂ ਅੱਖਾਂ ਅਗੇ ਹੈ। ਉਸ ਨੂੰ ਪਤਾ ਹੈ ਕਿ ਜਮਨਾ ਟੱਪ ਕੇ, ਗੰਗ ਦੁਆਬ ਦੇ ਇਲਾਕੇ ਨੂੰ ਤੇ ਕਰਨਾਲ ਤੋਂ ਲੈ ਕੇ ਮੁਲਤਾਨ ਤੱਕ ਗੁਜਰਾਂਵਾਲੇ, ਲਾਹੌਰ ਤੇ ਸਿਆਲਕੋਟ ਦੇ ਇਲਾਕੇ ਨੂੰ ਦਰੜ ਸੁਟਣ ਵਾਲੀ ਤਾਕਤ ਅਵੇਸਲੀ ਨਹੀਂ ਬੈਠੀ ਹੋਈ। ਉਹ ਵੀ ਏਸੇ ਜੂਹ ਵਿਚ ਫਿਰਦੀ ਹੈ ਅਤੇ ਅਬਦਾਲੀ ਨਾਲ ਦੋ ਦੋ ਹੱਥ ਕਰਨ ਨੂੰ ਹਰ ਪਲ ਮੌਕੇ ਦੀ ਤਾੜ ਵਿਚ ਹੈ। ਇਸ ਸਾਵਧਾਨੀ ਦੀ ਚਿਤਾਵਨੀ ਦਾ ਇਸ਼ਾਰਾ ਸੀ ਉਸੇ ਹੀ ਤਾਕਤ ਵਲ, ਜੋ ਦਿਨ ਬਦਿਨ ਵਧ ਰਹੀ ਸੀ। **ਇਹ ਤਾਕਤ ਸੀ "ਖ਼ਾਲਸਾ ਜੀ ਦੀ ਤਾਕਤ"। ਇਹ ਸੀ ਉਹ ਹਊਆ ਜੋ ਅਬਦਾਲੀ ਦੀ ਰੂਹ ਤੇ ਛਾਇਆ ਹੋਇਆ ਸੀ।** ਇਸ ਦੇ ਸਬੰਧ ਵਿਚ ਉਹ ਆਪਣੀਆਂ ਕਠ-ਪੁਤਲੀਆਂ ਨੂੰ ਹਦਾਇਤ ਕਰ ਰਿਹਾ ਹੈ ਕਿ ਤੁਹਾਡਾ ਭਲਾ ਇਸੇ ਵਿਚ ਹੈ ਕਿ ਇਸ ਤਾਕਤ ਨਾਲ ਟੱਕਰ ਲੈਣ ਲਈ ਅਤੇ ਮੇਰਾ ਹੱਥ ਵਟਾਉਣ ਲਈ ਪੇਸ਼ਵਾ ਦੀ ਸਰਦਾਰੀ ਮੰਨੋ ਅਤੇ ਇਕ ਝੰਡੇ ਥਲੇ ਇਕੱਠੇ ਹੋ ਜਾਓ। ਤੁਹਾਡੀ ਏਸੇ ਵਿਚ ਨਜਾਤ (ਮੁਕਤੀ) ਹੈ।

ਖ਼ਾਲਸਾ ਜੀ ਦੀ ਤੇਗ ਦੇ ਡਰ ਨੂੰ ਅਬਦਾਲੀ ਸਾਰੀ ਉਮਰ ਆਪਣੇ ਮਨੋਂ ਨਹੀਂ ਕਢ ਸਕਿਆ। ਨਾਦਰ ਸ਼ਾਹ ਵੇਲੇ ਜਦ ਉਹ ਭਾਰਤ ਵਿਚ ਆਇਆ ਸੀ ਤਾਂ ਉਸ ਨੇ ਸਿੰਘਾਂ ਦੇ ਹੱਲੇ ਤੇ ਤੁੰਦ ਝਪਟੇ ਵੇਖੇ ਸਨ। ਹੁਣ ਆਪ ਉਸ ਨੇ ਛੇ ਹੱਲੇ ਕਰ ਲਏ ਸਨ ਤੇ ਇਹਨਾਂ ਹੱਲਿਆਂ ਵਿਚ ਸਿੰਘਾਂ ਦੇ ਹੱਥਾਂ ਦਾ ਉਸਨੂੰ ਖਾਸਾ ਗਿਆਨ ਹੋ ਗਿਆ ਸੀ। ਏਸੇ ਡਰ ਕਾਰਨ ਆਪਣੇ ਹਵਾਰੀਆਂ ਵਿਚ ਇਕੱਤਰਤਾ ਦਾ ਬਾਨ੍ਹਣੂ ਬੰਨ੍ਹ ਕੇ ਉਹਨਾਂ ਨੂੰ ਸੁਰੱਖਿਅਤਾ ਦਾ ਨੁਸਖ਼ਾ ਦਸ ਰਿਹਾ ਹੈ, ਜਿਸਦਾ ਜ਼ਿਕਰ ਉਤੇ ਆ ਗਿਆ ਹੈ।

## *ਅੰਬਾਲੇ ਤੋਂ ਪੰਜਾਬ ਵਿਚ*

ਅੰਬਾਲਿਓਂ ਕੂਚ ਕਰ ਕੇ ਅਜੇ ਸ਼ਾਹ ਨੇ ਪੰਜਾਬ ਦੀ ਧਰਤੀ ਤੇ ਕਦਮ ਧਰਿਆ ਹੀ ਸੀ ਕਿ ਖ਼ਾਲਸਾ ਜੀ ਨੇ ਵੀ, ਜੋ ਚਿਰੋਕਣੇ ਸਮੇਂ ਤੋਂ ਉਡੀਕ ਵਿਚ ਬੈਠਾ ਸੀ, ਦਰਸ਼ਨ ਆਣ ਦਿਤੇ ਤੇ ਲਗੇ ਲੋਟੂ ਦੇ ਕਾਫ਼ਲੇ ਨੂੰ ਛਾਂਗਣ ਤਛਣ। ਇਹ ਕਾਫ਼ਲਾ ਹੁਣ ਸ਼ੇਰਾਂ ਦੀ ਜੂਹ ਵਿਚੋਂ ਲੰਘ ਰਿਹਾ ਹੈ ਤੇ ਸਿਰਾਂ ਦਾ ਮਸੂਲ-ਚੁੰਗੀ ਤਾਰ ਰਿਹਾ ਹੈ। ਕੇਵਲ ਕਾਫ਼ਲਾ ਹੀ ਗਿਣਤੀ ਵਿਚ ਹੌਲਾ ਨਹੀਂ ਕੀਤਾ, ਸਗੋਂ ਲੁਟ ਦਾ ਮਾਲ ਵੀ ਹੌਲਾ ਕੀਤਾ। ਚੋਰਾਂ ਨੂੰ ਮੋਰ ਤੇ ਮੋਰਾਂ ਨੂੰ ਕਜ਼ਾਈਂ। ਖ਼ਾਲਸਾ ਜੀ ਰਾਤ ਦਿਨ ਅਫ਼ਗਾਨਾਂ ਨੂੰ ਚੈਨ ਨਹੀਂ ਸਨ ਲੈਣ ਦੇਂਦੇ। ਜਿਸ ਫ਼ੌਜ ਦਾ ਖਾਣਾ ਪੀਣਾ, ਉਠਣਾ-ਬਹਿਣਾ, ਤੁਰਨਾ-ਖਲੋਣਾ ਤੇ ਰਾਤ ਨੂੰ ਸੌਣਾ ਹਰਾਮ ਹੋ ਜਾਵੇ, ਸਾਥੀ ਹਰ ਪਲ ਹਰ ਘੜੀ ਕਤਲ ਹੋਈ ਜਾਣ, ਲੁਟ-ਮਾਰ ਦਾ ਮਾਲ ਵੀ ਧਾੜਿਆਂ ਰਾਹੀਂ ਹਥੋਂ ਖਿਸਕਦਾ ਜਾਵੇ, ਉਸ ਲੁਟੇਰੇ ਹਮਲਾਵਰ ਤੇ ਉਸਦੀ ਖ਼ੂਨ-ਖ਼ਾਰ ਫ਼ੌਜ ਦੇ ਦਿਲ ਦੀਆਂ ਤਾਂ ਫਿਰ ਰੱਬ ਹੀ ਜਾਣਦਾ ਹੈ ਨਾ !

[ ਬਾਕੀ ਦੇਖੋ ਸਫਾ ੨੦ ]



www.AKJ.Org

# ਤੇਰੈ ਭਰੋਸੈ ਪਿਆਰੇ ਮੈ ਲਾਡ ਲਡਾਇਆ

[ ਵਲੋਂ :—ਸਾਰੰਗ ਜੀ, ਕਪੂਰਥਲਾ ]

ਇਹ ਵਾਰਤਾ ਡਾ: ਧਰਮਾਨੰਤ ਸਿੰਘ ਜੀ ਦੀ ਜ਼ਬਾਨੀ ਸੁਣੀ ਸੀ। ਲੇਖਕ ਪਿਛਲੇ ਦਿਨੀਂ ਜੁਲਾਈ 77 ਵਿਚ ਉਹਨਾਂ ਨੂੰ ਮਿਲਿਆ ਸੀ। ਸੰਤ ਤੇਜਾ ਸਿੰਘ ਜੀ ਨੂੰ ਸੰਤ ਅਤਰ ਸਿੰਘ ਜੀ ਨੇ .9 5 ਦੇ ਕਰੀਬ ਵਿਲਾਇਤ ਦੇ ਦੌਰੇ ਤੇ ਭੇਜਿਆ ਸੀ। ਡਾਕਟਰ ਧਰਮਾਨੰਤ ਸਿੰਘ ਜੀ ਨੇ ਆਪਣੀ ਨਾਲ ਬੀਤੀ ਵਾਰਤਾ ਇਉਂ ਸੁਣਾਈ :—

ਡਾ: ਧਰਮਾਨੰਤ ਸਿੰਘ ਜੀ ਨੇ ਆਪਣੇ ਨਾਲ ਬੀਤੀ ਵਾਰਤਾ ਇਉਂ ਸੁਣਾਈ :—

"ਸੰਤ ਤੇਜਾ ਸਿੰਘ ਜੀ ਵਿਲਾਇਤ ਆਦਿ ਦੇ ਦੇਸ਼ਾਂ ਦੇ ਦੌਰੇ ਤੇ ਜਦੋਂ ਗਏ ਤਾਂ ਮੈਨੂੰ ਭੀ ਉਹ ਆਪਣੇ ਨਾਲ ਲੈ ਗਏ ਸਨ। ਮੇਰੀ ਉਮਰ ੧੮ ਕੁ ਵਰਸ਼ ਦੀ ਸੀ। ਮੈਂ ਸੰਤਾਂ ਦੇ ਪਾਸ ਹੀ ਲੰਡਨ ਵਿਚ ਰਹਿੰਦਾ ਸਾਂ। ਮੈਂ ਪੜ੍ਹਦਾ ਸਾਂ ਅਤੇ ਸੰਤ ਜੀ ਗੁਰੂ ਨਾਨਕ ਦੇਵ ਜੀ ਦਾ ਸੰਦੇਸ਼ ਦਿੰਦੇ ਫਿਰਦੇ। ਉਹ ਕਦੀ ਕਿਤੇ ਅਤੇ ਕਦੀ ਕਿਤੇ ਦੌਰੇ ਕਰਦੇ ਤੇ ਗੁਰੂ ਬਾਬੇ ਜੀ ਦਾ ਪ੍ਰਚਾਰ ਕਰਦੇ।

"ਇਕ ਦਿਨ ਸੰਤ ਜੀ ਨੇ ਰਾਤ ਮੈਨੂੰ ਆਪਣੇ ਅਗਲੇ ਦਿਨ ਦਾ ਪ੍ਰੋਗਰਾਮ ਦਸਿਆ ਕਿ ਉਹ ਕਲ੍ਹ ਸਵੇਰੇ (ਐਤਵਾਰ) ਇਥੋਂ ਟੈਕਸੀ ਰਾਹੀਂ ਕਈ ਥਾਵਾਂ ਦਾ ਦੌਰਾ ਕਰ ਕੇ, ਦਿਨ ਦੇ ਬਾਰ੍ਹਾਂ ਕੁ ਵਜੇ ਕਿਸੇ ਲਾਗੇ ਦੇ ਸਟੇਸ਼ਨ ਤੋਂ ਗੱਡੀ ਫੜ ਕੇ ਕੁਝ ਹੋਰ ਥਾਵਾਂ ਤੇ ਵੀ ਜਾਣਗੇ ਅਤੇ ਰਾਤ ਨੂੰ ਨੌਂ ਵਜੇ ਘਰ ਮੁੜਨਗੇ। ਦਸਣ ਦਾ ਭਾਵ ਇਹ ਸੀ ਕਿ ਜੇ ਕੋਈ ਪ੍ਰੇਮੀ ਸੰਤਾਂ ਨੂੰ ਮਿਲਣਾ ਚਾਹੇ ਤਾਂ ਉਸਨੂੰ ਉਹਨਾਂ ਦੇ ਪ੍ਰੋਗਰਾਮ ਬਾਰੇ ਦਸਿਆ ਜਾ ਸਕੇ।"

"ਅਗਲੇ ਦਿਨ ਪ੍ਰੋਗਰਾਮ ਅਨੁਸਾਰ ਸੰਤ ਜੀ ਤਿਆਰ ਹੋਏ। ਉਹ ਪਉੜੀਆ ਉਤਰ ਕੇ ਟੈਕਸੀ ਪਾਸ ਪੁਜੇ ਤਾਂ ਜੇਬ ਨੂੰ ਹੱਥ ਲਾ ਕੇ ਕਹਿਣ ਲਗੇ, 'ਓਹੋ! ਪੈਸੇ ਤਾਂ ਉਪਰ ਹੀ ਰਹਿ ਗਏ।' ਮੈਂ ਪੁਛਿਆ, 'ਜੀ ਲਿਆ ਦਿਆਂ?' ਕਹਿਣ ਲਗੇ, 'ਨਹੀਂ ਰਹਿਣ ਦਿਓ, ਗੁਰੂ ਕਰਤਾਰ ਰਾਖਾ ਹੈ।'

"ਮੈਂ ਵਾਪਸ ਪਰਤ ਕੇ ਆਪਣੇ ਮਨ ਵਿਚ ਇਹੋ ਜਿਹੀਆਂ ਤਰਕਾਂ ਕੁਤਰਕਾਂ ਹੀ ਕਰਦਾ ਰਿਹਾ, 'ਇਹ ਭੀ ਕੀ ਹੋਇਆ, ਪੈਸੇ ਕੋਲ ਨਹੀਂ, ਲੰਡਨ ਵਰਗੇ ਸ਼ਹਿਰ ਵਿਚ ਟੈਕਸੀ ਵਿੱਚ ਘੁੰਮਣਾ ਤੇ ਆਖਣਾ ਗੁਰੂ ਰਾਖਾ ਹੈ?' 'ਅਜ ਦੇਖਾਂਗੇ ਸੰਤਾਂ ਦਾ ਕਿਵੇਂ ਕਰਤਾਰ ਰਾਖਾ ਹੁੰਦਾ ਹੈ?' 'ਸੰਤਾਂ ਦੀ ਸੰਗਤ ਵਿਚ ਰਹਿ ਕੇ ਭੀ ਜਿੰਨਾ ਚਿਰ ਮਨ ਨਾ ਪਤੀਜੇ ਉਨਾ ਚਿਰ ਲਭਾ ਕੀ!' 'ਜੀਅ ਇਹੋ ਕਰਦਾ ਹੈ ਕਿ ਸੰਤਾਂ ਦੀ ਅਤੇ ਗੁਰੂ ਕਰਤਾਰ ਦੀ ਪ੍ਰੀਖਿਆ ਹੀ ਕਰੀ ਜਾਈਏ ਤਾਂ ਕਿ ਸਾਡਾ ਈਮਾਨ ਪੱਕਾ ਹੋ ਜਾਏ।' ਪਰ ਇਉਂ ਕਰਦਿਆਂ ਕਰਦਿਆਂ ਕਈ ਵਾਰੀ ਉਮਰਾਂ ਬੀਤ ਜਾਂਦੀਆਂ ਹਨ ਤੇ ਈਮਾਨ ਫਿਰ ਭੀ ਕੱਚਾ ਹੀ ਰਹਿੰਦਾ ਹੈ।' 'ਅਸੀਂ ਤਾਂ ਗੁਰੂ ਕਰਤਾਰ ਦੀ ਪ੍ਰੀਖਿਆ ਲੈਣ ਲਈ ਸਦਾ ਤਤਪਰ ਰਹਿੰਦੇ ਹਾਂ, ਪਰ ਜੇ ਗੁਰੂ ਕਰਤਾਰ ਸਾਨੂੰ ਪ੍ਰੀਖਿਆ ਵਿੱਚ ਪਾ ਦੇਣ ਤਾਂ ਅਸੀਂ ਤੌਬਾ ਤੌਬਾ ਕਰ ਉਠਦੇ ਹਾਂ ਤੇ ਫੌਰਨ ਡੋਲ ਜਾਂਦੇ ਹਾਂ।' 'ਧੰਨ ਹਨ ਉਹ ਪੁਰਾਤਨ ਅਤੇ ਵਰਤਮਾਨ ਸੁਚਿਆਰ ਗੁਰੂ ਕੇ ਲਾਲ, ਜਿਨ੍ਹਾਂ ਨੇ ਕੇਸੀਂ ਸੁਆਸੀਂ ਪ੍ਰੇਮ ਅਤੇ ਸਿਖੀ ਨਿਭਾਈ! ਸਦਾ ਸਿਦਕ ਦੇ ਜਹਾਜ਼ ਤੇ ਚੜ੍ਹੇ ਰਹੇ, ਡੋਲੇ ਨਹੀਂ।'

"ਮੈਂ ਇਨ੍ਹਾਂ ਵਿਚਾਰਾਂ ਵਿਚ ਗ਼ਰਕ ਸਾਂ ਕਿ ਸੰਤਾਂ ਦੇ ਜਾਣ ਤੋਂ ਦੋ ਕੁ ਘੰਟਿਆਂ ਮਗਰੋਂ ਇਕ ਕਰਤਾਰ ਸਿੰਘ ਨਾਮੀ, ਸੰਤਾਂ ਦਾ ਸ਼ਰਧਾਲੂ ਸਿੰਘ ਆਇਆ। ਉਨ੍ਹਾਂ ਦਸਿਆ ਕਿ ਉਹ ਪਟਿਆਲੇ ਦੇ ਕਮਿਸ਼ਨਰ ਹਨ ਤੇ ਸੰਤਾਂ ਦੇ ਦਰਸ਼ਨਾਂ ਲਈ ਆਏ ਹਨ। ਮੈਂ ਉਨ੍ਹਾਂ ਨੂੰ ਦਸਿਆ ਕਿ ਸੰਤ ਜੀ ਤਾਂ ਰਾਤ ਦੇ ੯ ਵਜੇ ਹੀ ਮੁੜਨਗੇ। ਪਰ ਉਸ ਪ੍ਰੇਮੀ ਨੇ ਸੰਤਾਂ



www.AKJ.Org

ਨੂੰ ਮਿਲਣ ਦੀ ਤੀਬਰ ਇਛਾ ਪਰਗਟ ਕੀਤੀ ਤੇ ਉਨ੍ਹਾਂ ਦਾ ਵੇਰਵੇ ਸਹਿਤ ਪ੍ਰੋਗਰਾਮ ਪੁਛਿਆ। ਮੈਂ ਉਨ੍ਹਾਂ ਨੂੰ ਦਸਿਆ ਕਿ ਸੰਤ ਜੀ ਫਲਾਣੇ ਸਟੇਸ਼ਨ ਤੋਂ ੧੨ ਕੁ ਵਜੇ ਗੱਡੀ ਤੇ ਸਵਾਰ ਹੋਣਗੇ। ਉਸ ਨੇ ਟਾਈਮ ਦੇਖਿਆ। ਗੱਡੀ ਜਾਣ ਵਿੱਚ ਅਜੇ ਟਾਈਮ ਸੀ। ਉਹ ਉਥੋਂ ਕਾਹਲੀ ਨਾਲ ਚਲਾ ਗਿਆ। ਮੇਰੇ ਮਨ ਵਿੱਚ ਓਦੋਂ ਇਹ ਸੋਝੀ ਆਈ ਕਿ ਇਹ ਪ੍ਰੇਮੀ ਕਰਤਾਰ ਸਿੰਘ ਨਹੀਂ, ਇਹ ਤਾਂ ਆਪ ਹੀ ਕਰਤਾਰ ਹੈ, ਜੋ ਆਪਣੇ ਸੇਵਕਾਂ ਦੀ ਆਪ ਹੀ ਪੈਜ ਰਖਣ ਜਾ ਰਿਹਾ ਹੈ।

"ਸਚ ਮੁਚ ਹੀ ਕਰਤਾਰ ਸਿੰਘ, ਸੰਤ ਤੇਜਾ ਸਿੰਘ ਜੀ ਦੇ ਮਿਥੇ ਹੋਏ ਸਟੇਸ਼ਨ ਤੇ. ਉਹਨਾਂ ਦੇ ਉਥੇ ਪਹੁੰਚਣ ਤੋਂ ਦਸ ਕੁ ਮਿੰਟ ਪਹਿਲਾਂ ਅਪੜ ਗਿਆ। ਦਸ ਮਿੰਟ ਬਾਅਦ ਸੰਤ ਜੀ ਟੈਕਸੀ ਵਿਚੋਂ ਬਾਹਰ ਆਉਂਦੇ ਨਜ਼ਰੀ ਪਏ। ਕਰਤਾਰ ਸਿੰਘ ਉਨ੍ਹਾਂ ਨੂੰ ਬੜੀ ਨਿਮਰਤਾ ਸਹਿਤ ਨਿਉਂ ਕੇ ਮਿਲਿਆ। ਸੰਤਾਂ ਨੇ ਅਸੀਸ ਦਿਤੀ, ਤੇ ਟੈਕਸੀ ਦਾ ਬਿਲ ਦੇਣ ਲਈ ਸੰਕੇਤ ਕੀਤਾ। ਉਸ ਦਿਨ ਕਰਤਾਰ ਸਿੰਘ ਸਾਰਾ ਦਿਨ ਸੰਤਾਂ ਦੇ ਨਾਲ ਹੀ ਘੁੰਮਦਾ ਫਿਰਦਾ ਰਿਹਾ, ਅਤੇ ਉਹਨਾਂ ਦੇ ਸਫ਼ਰ ਖ਼ਰਚ ਦੀ ਰਕਮ ਆਪਣੇ ਪਾਸੋਂ ਖ਼ਰਚ ਕਰਦਾ ਰਿਹਾ। ਰਾਤ ਜਦੋਂ ਨੀਯਤ ਸਮੇਂ ਤੇ ਸੰਤ ਜੀ ਅਤੇ ਕਰਤਾਰ ਸਿੰਘ ਘਰ ਪਰਤੇ, ਤਾਂ ਮੈਂ ਇਸ ਕਰਤਾਰੀ ਖੇਡ ਨੂੰ ਸਮਝ ਗਿਆ ਕਿ ਅਜ ਗੁਰੂ ਪਾਤਸ਼ਾਹ ਸੰਤ ਜੀ ਦੇ ਪਰਤੱਖ ਰੂਪ ਵਿਚ ਅੰਗ ਸੰਗ ਹੋ ਕੇ ਵਰਤੇ ਹਨ।"

ਗੁਰੂ ਹਮੇਸ਼ਾ ਸਿਖ ਦੇ ਅੰਗ ਸੰਗ ਰਹਿੰਦਾ ਹੈ। ਇਹ ਮਸਲਾ ਤਾਂ ਗੁਰੂ ਅਤੇ ਸਿਖ ਦੇ ਵਿਚਕਾਰ ਇਕ ਗੁਪਤ ਖੇਡ ਹੈ। ਜਿਉਂ ਜਿਉਂ ਵਿਸ਼ਵਾਸ ਦ੍ਰਿੜ੍ਹ ਹੁੰਦਾ ਜਾਂਦਾ ਹੈ, ਤਿਉਂ ਤਿਉਂ ਚੜ੍ਹਦੀ ਕਲਾ ਵਧਦੀ ਰਹਿੰਦੀ ਹੈ। ਸਿਖ ਦਾ ਜੀਵਨ, ਅਨੰਤ ਦੀ ਬਿਜਲੀ-ਰੌ ਨਾਲ ਸੰਚਾਰਿਤ ਹੋ ਕੇ ਤੁਰਿਆ ਰਹਿੰਦਾ ਹੈ। ਸੁਆਸ ਸੁਆਸ ਦਮ-ਬ-ਦਮ "ਟਿਕ ਟਿਕ" ਹੋਈ ਤੁਰੀ ਜਾਂਦੀ ਹੈ। ਨਜ਼ਰੀਆ ਹੀ ਬਦਲ ਜਾਂਦਾ ਹੈ–

"ਤੇਰੈ ਭਰੋਸੈ ਪਿਆਰੇ ਮੈ ਲਾਡ ਲਡਾਇਆ ॥*

ਭਰੋਸਾ ਤੇ ਲਾਡ ਫਿਰ ਇਕੱਠੇ ਹੋ ਜਾਂਦੇ ਹਨ, ਭਰੋਸੇ ਵਿਚ ਲਾਡ ਤੇ ਲਾਡ ਵਿਚ ਭਰੋਸਾ। ਸਿਖ ਵਿਚ ਗੁਰੂ, ਗੁਰੂ ਵਿਚ ਸਿਖ "ਓਤਿ ਪੋਤਿ ਸਾਗਰ ਬੂੰਦੇਰੋ" ਦੀ ਬਿਵਸਥਾ ਇਸ ਮਾਰਗ ਦੀਆਂ ਅੰਤਮ ਸਿਖ਼ਰਾਂ ਹਨ। ਇਸ ਲਈ ਉਚ ਜੀਵਨ ਵਾਲੇ ਗੁਰਸਿਖਾਂ ਦੇ ਦਰਸ਼ਨ ਦੀਦਾਰੇ ਕਰਨੇ ਲਾਭਦਾਇਕ ਹੁੰਦੇ ਹਨ। ਉਹਨਾਂ ਦੀਆਂ ਕਥਾ-ਕਹਾਣੀਆਂ ਕਰਨ ਸੁਣਨ ਨਾਲ ਮਨ ਨੂੰ ਧਰਵਾਸ ਬਝਦੀ ਹੈ, ਜੀਵਨ ਵਿੱਚ ਮੋੜਾ ਪੈ ਜਾਂਦਾ ਹੈ।

*ਸਿਰੀਰਾਗੁ ਮ: ੫ ਘਰੁ ੭, ਪੰਨਾ ੫੨

[ ੧੮ ਸਫ਼ੇ ਦੀ ਬਾਕੀ ]

## ਸ਼ਾਹ ਗੋਇੰਦਵਾਲ ਦੇ ਪਤਣ ਤੇ

ਇਹ ਸਾਰਾ ਲਾਮ-ਲਸ਼ਕਰ ਬਿਆਸ ਅਪੜਦਾ ਹੈ ਅਤੇ ਗੋਇੰਦਵਾਲ ਦੇ ਪਤਣ ਤੋਂ ਲੰਘਣ ਦਾ ਯਤਨ ਕਰ ਰਿਹਾ ਹੈ। ਸਰਦਾਰ ਜੱਸਾ ਸਿੰਘ ਜੀ ਆਹਲੂਵਾਲੀਏ ਦੀ ਅਗਵਾਈ ਥਲੇ ਸਿੰਘ ਅਸਮਾਨੀ ਬਿਜਲੀ ਵਾਂਗ ਸੱਜੇ ਕੰਢੇ ਤੇ ਪਏ ਅਤੇ ਅਨੇਕਾਂ ਗ਼ਾਜ਼ੀਆਂ ਤੇ ਕਜ਼ਲਬਾਸ਼ਾਂ ਨੂੰ ਤਲਵਾਰ ਦੇ ਘਾਟ ਉਤਾਰ ਕੇ ਅਣਗਿਣਤ ਲਦੇ ਹੋਏ ਊਠ, ਖਚਰ, ਜ਼ੀਨਾਂ ਸਮੇਤ ਘੋੜੇ, ਹਥਿਆਰ ਤੇ ਮਾਲੋ-ਜ਼ਰ ਅੱਖ ਦੇ ਪਲਕਾਰੇ ਵਿਚ ਲੈ ਕੇ ਔਹ ਗਏ, ਔਹ ਗਏ !! ਖ਼ਾਲਸਾ ਜੀ ਸਿਟਫ਼ ਮਾਲ ਅਸਬਾਬ ਤੇ ਘੋੜਿਆਂ ਨੂੰ ਹੀ ਨਹੀਂ ਪਏ, ਨਹੀਂ ਨਹੀਂ, ਇਹ ਤਾਂ ਸਗੋਂ ਝੂੰਗੇ ਵਿਚ ਸੀ। ਪਏ ਤਾ ਉਹ ਉਹਨਾਂ ਮਸੂਮ ਭਾਰਤੀ ਬੱਚੀਆਂ ਨੂੰ ਛੁਡਾਉਣ ਲਈ ਸਨ ਜਿਨ੍ਹਾਂ ਨੂੰ ਇਹ ਕਾਬਲੀ ਧਾੜਵੀ ਬੰਨ੍ਹ ਕੇ, ਤੀਹ ਕਰੋੜ ਭਾਰਤੀ ਵਸਨੀਕਾਂ ਦੀ ਅਣਖ ਨੂੰ ਵੰਗਾਰ ਕੇ, ਉਹਨਾਂ ਨੂੰ ਪਾਜੀ ਤੇ ਗੀਦੀ ਬਣਾ ਕੇ, ਧੌਣ ਅਕੜਾਈ ਤੇ ਛਾਤੀ ਫੁਲਾਈ ਲਈ ਜਾ ਰਿਹਾ ਸੀ। ਇਹਨਾਂ ਮਜ਼ਲੂਮ ਅਬਲਾਵਾਂ ਦੀ ਗਿਣਤੀ ੨੨੦੭ ਸੀ।* ਇਹਨਾਂ ਸੂਰਮਿਆ ਨੇ ਏਨੀਆਂ ਮਸੂਮ ਘੁੱਗੀਆਂ ਤੇ ਗੁਟਾਰਾਂ ਅਫ਼ਗਾਨੀ ਲਗੜਾਂ ਦੇ ਪੰਜਿਆਂ ਵਿਚੋਂ ਕਢ ਲਈਆਂ ਅਤੇ ਨਾਲ ਹੀ ਇਹਨਾ ਮਸੂਮਾਂ ਨੂੰ ਪਤੇ ਪੁਛ ਪੁਛ ਕੇ ਬੜੇ ਆਦਰ ਮਾਣ ਨਾਲ ਇਹਨਾਂ ਦੀ ਘਰੀਂ ਪੁਚਾਇਆ।‡ [ਚਲਦਾ]

*ਡਾਕਟਰ ਗੰਡਾ ਸਿੰਘ ਜੀ।
‡ਸ਼ਮਸ਼ੇਰ ਖਾਲਸਾ, ਗਿ: ਗਿਆਨ ਸਿੰਘ ਜੀ।

www.AKJ.Org

# ਖ਼ਾਲਸਾ ਜੀ ਕੇ ਬੋਲ ਬਾਲੇ

[ ਵਲੋਂ :—ਭਾਈ ਜੋਗਿੰਦਰ ਸਿੰਘ ਜੀ ਤਲਵਾੜਾ ]

## ਖ਼ਾਲਸਾ ਅਕਾਲ ਪੁਰਖ ਕੀ ਫਉਜ ॥ ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮਉਜ ॥

[ ਸਰਬ ਲੋਹ

ਵਲੈਤ ਨੂੰ ਸਿਖੀ ਦਾ ਕਤਲਗਾਹ ਕਿਹਾ ਜਾਂਦਾ ਹੈ। ਪਿਛਲੀ ਅੱਧੀ ਸਦੀ ਵਿਚ ਅਨੇਕਾਂ ਸਿਖ, ਨਿਜੀ ਕਾਰੋਬਾਰ ਲਈ, ਸੈਰ-ਸਪਾਟੇ ਲਈ ਅਤੇ ਟਾਵੇਂ ਟਾਵੇਂ ਸਿਖੀ ਪਰਚਾਰ ਲਈ ਯੂਰਪ ਅਤੇ ਵਖ ਵਖ ਦੇਸ਼ਾਂ ਵਿਚ ਜਾਂਦੇ ਰਹੇ ਹਨ। ਉਹਨਾਂ ਵਿਚ ਬਹੁਤ ਸਾਰੇ ਓਥੋਂ ਦੀ ਮਾਇਕ ਚਮਕ ਦਮਕ ਵੇਖ ਕੇ ਫਿਸਲ ਗਏ, ਵਿਕਾਰੀ ਜੀਵਨ ਦਾ ਸ਼ਿਕਾਰ ਹੋ ਕੇ ਕੇਸਾਂ ਨੂੰ ਤਿਲਾਂਜਲੀ ਦੇ ਗਏ। ਸਾਡੇ ਅਨਜਾਣ ਅਤੇ ਭੁਲੜ ਭਰਾ ਚਲਾਕ ਗੋਰਿਆਂ ਦੇ ਭੁਚਲਾਏ ਹੋਏ ਇਸ ਸੋਚਣੀ ਦੇ ਕਾਇਲ ਹੋ ਗਏ ਕਿ ਅਜ ਦੇ ਨਵੀਨ ਜੁਗ ਵਿਚ ਕੇਸਾਧਾਰੀ ਮਨੁਖ ਨਵੀਨ ਸਭਿਅਤਾ ਤੋਂ ਵਿਰਵਾ ਤੇ ਪਛੜਿਆ ਹੋਇਆ ਭਾਸਦਾ ਹੈ।

ਕੇਸ, ਮਨੁਖ ਦੇ ਅੰਦਰ ਧਾਰਨ ਕੀਤੇ ਅਧਿਆਤਮਵਾਦ ਅਤੇ ਇਸ ਦੇ ਅੰਦਰ ਲੁਪਤ ਜੀਵਨ ਦੀਆਂ ਉਚੀਆਂ ਕਦਰਾਂ-ਕੀਮਤਾਂ ਦੇ ਸੂਚਕ ਹਨ। ਕੇਸਾ-ਧਾਰੀ ਮਨੁੱਖ ਦਾ ਰਿਸ਼ੀਆਂ ਮੁਨੀਆਂ, ਪੀਰਾਂ ਪੈਗੰਬਰਾਂ ਵਾਂਗ ਸਾਤ੍ਵਿਕ ਪ੍ਰਭਾਵ ਹੁੰਦਾ ਹੈ। ਕੇਸਾਂ ਦੀ ਧਾਰਨਾ ਮਨੁੱਖ ਲਈ ਵਿਕਾਰਾਂ ਦੀ ਰੋਕ ਥਾਮ ਲਈ ਵਾੜ ਦਾ ਕੰਮ ਕਰਦੀ ਹੈ। ਅਧਿਆਤਮਕ ਦ੍ਰਿਸ਼ਟੀਕੋਣ ਤੋਂ ਕੇਸ ਦਸਮ-ਦੁਆਰ ਦੇ ਰਾਖੇ ਸਮਝੇ ਜਾਂਦੇ ਹਨ। ਸਿਖ ਵਾਸਤੇ ਕੇਸ ਗੁਰੂ ਕੀਆਂ ਮੋਹਰਾਂ ਹਨ। ਜਿੰਨੀ ਦੇਰ ਤਕ ਸਿਖ ਦੇ ਅੰਦਰ ਗੁਰੂ-ਪਿਆਰ ਅਤੇ ਸਿਖੀ-ਜੀਵਨ ਦਾ ਉੱਚਾ ਸੁੱਚਾ ਆਦਰਸ਼ ਟਿਕਿਆ ਰਹਿੰਦਾ ਹੈ, ਉਹ ਕੇਸਾ-ਧਾਰੀ ਰਹਿੰਦਾ ਹੈ। ਪਰ ਜਦੋਂ ਹੀ ਉਸ ਦਾ ਝੁਕਾਅ ਭੋਗਾਂ ਅਤੇ ਵਿਕਾਰਾਂ ਵਲ ਹੁੰਦਾ ਹੈ ਤਾਂ ਸਭ ਤੋਂ ਪਹਿਲਾਂ ਉਹ ਕੇਸਾਂ ਤੋਂ ਖਲਾਸੀ ਪਾਣ ਦੀ ਕਰਦਾ ਹੈ; ਭਾਵੇਂ ਉਹ ਆਪਣੇ ਦੇਸ ਵਿਚ ਵਸਦਾ ਹੋਵੇ ਤੇ ਭਾਵੇਂ ਪ੍ਰਦੇਸ ਵਿਚ। ਸੋ ਕਈ ਕਚਿਆਂ ਪਿਲਿਆਂ ਨੇ ਵਿਕਾਰਾਂ ਵਿਚ ਪ੍ਰਵਿਰਤ ਹੋਣ ਦੀ ਖੁਲ੍ਹ ਲੈਣ ਲਈ ਕੇਸ ਕਤਲ ਕਰਵਾ ਕੇ ਗੁਰੂ ਨੂੰ ਬਿਦਾਵਾ ਦੇ ਦਿਤਾ, ਪਰ ਬੇਅੰਤ ਸੂਰਬੀਰ ਵਿਦੇਸ਼ਾਂ ਦੇ ਭੜ-ਭੜ ਬਲਦੇ ਵਿਕਾਰੀ ਵਾਤਾਵਰਣ ਵਿਚ ਵੀ ਗੁਰੂ-ਮੇਹਰ ਦਾ ਸਦਕਾ ਸਾਬਤ ਰਹੇ। ਉਹਨਾਂ ਨੇ ਜੀਵਨ ਦੀਆਂ ਅਨੇਕ ਕਠਨਾਈਆਂ ਦਾ ਖਿੜੇ ਮੱਥੇ ਟਾਕਰਾ ਕੀਤਾ, ਪਰ ਸਿਖੀ ਸਿਦਕ ਵਿਚ ਪੂਰੇ ਸੂਰੇ ਰਹੇ। ਅਜਿਹੇ ਸੁਭਾਗੇ ਪੁਰਸ਼ਾਂ ਦੇ ਸਿਰ ਸਦਕੇ ਵਿਦੇਸ਼ਾਂ ਵਿਚ ਪਤਿਤਾਈ ਦੇ ਵਹਿਣ ਨੂੰ ਠਲ੍ਹ ਪਈ।

ਇਤਿਹਾਸ ਗਵਾਹ ਹੈ ਕਿ ਜਦੋਂ ਕੋਈ ਸਿਖ ਗੁਰੂ ਦੇ ਸਨਮੁਖ ਹੁੰਦਾ ਹੈ ਤਾਂ ਕਲਾ ਵਰਤਦੀ ਹੈ, ਕਰਾਮਾਤ ਵਾਪਰਦੀ ਹੈ। ਉਸ ਦਾ ਜੀਵਨ ਸੁਗੰਧਤ ਹੋ ਜਾਂਦਾ ਹੈ, ਰਾਗਾਤਮਿਕ ਹੋ ਜਾਂਦਾ ਹੈ। ਨਾਮ-ਕਥੂਰੀ ਨਾਲ ਸੁਗੰਧਤ ਹੋਏ ਵਿਅਕਤੀ ਦੀ ਤੁਫ਼ੈਲ ਉਸਦਾ ਚੁਗਿਰਦਾ ਮਹਿਕ ਉਠਦਾ ਹੈ। ਯੂਰਪ ਦੀ ਸਰ-ਜ਼ਮੀਨ ਤੇ ਗੁਰੂ ਕੇ ਉਚ-ਦਪਾਲੜੇ ਇੰਦਰੇ-ਜਿਤ ਸੂਰਬੀਰਾਂ ਦੇ ਨਿਸ਼ਕਪਟ, ਨਿਰਮਲ, ਅਤੇ ਸਵੱਛ ਜੀਵਨ ਦੀ ਸ਼ੋਭਾ ਚਮਕ ਉਠੀ। ਕੇਸ ਦਾੜ੍ਹੀ ਵਾਲੇ ਜਿਨ੍ਹਾਂ ਸਾਦ-ਮੁਰਾਦੇ ਮਨੁਖਾਂ ਨੂੰ ਵਿਦੇਸ਼ੀ ਗੋਰੇ ਪਹਿਲਾਂ ਪਹਿਲ ਪਛੜੇ ਹੋਏ ਤੇ ਸਭਿਅਤਾ ਤੋਂ ਵਿਰਵੇ ਖ਼ਿਆਲ ਕਰਦੇ ਆ ਰਹੇ ਸਨ, ਉਹਨਾਂ ਦੇ ਆਦਰਸ਼ਕ ਜੀਵਨ ਤੇ ਵਰਤੋਂ-ਵਿਹਾਰ ਦੇ ਤੁਫ਼ੈਲ, ਉਹਨਾਂ ਨੂੰ ਇਹਨਾਂ ਇਕੱਲੇ ਇਕੱਲੇ ਪੁਰਸ਼ਾਂ ਵਿਚ ਮਸੀਹ ਦਿਸਣ ਲਗਾ; ਪਰ ਜਦੋਂ ਇਹਨਾਂ ਦੀ ਪਾਵਨ ਰਸਨਾ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅੰਮ੍ਰਿਤ ਬਾਣੀ ਦੀ ਸਰੋਤ ਸੁਣੀ ਤਾਂ ਸਿਖੀ ਦੇ ਵਿਲੱਖਣ ਸਰੂਪ, ਸਿਖੀ ਆਦਰਸ਼ਾਂ ਦੀ ਕਦਰ-ਕੀਮਤ, ਅਤੇ ਸਿਖੀ ਦੀ ਕੇਂਦਰੀ ਹਸਤੀ "ਗੁਰੂ" ਦੀ ਮਹਾਨਤਾ ਬਾਰੇ ਸਮਝ ਆਈ। ਵਿਦੇਸ਼ੀਆਂ ਨੂੰ ਪਤਾ ਲਗਾ ਕਿ ਸਿਖੀ-ਸੂਰਤ ਦਾ



www.AKJ.Org

ਧਾਰਨੀ ਹੋਣਾ ਕੁਦਰਤ-ਅਨੁਸਾਰੀ ਹੋਣ ਦਾ ਪ੍ਰਮਾਣ ਹੈ। ਉਹਨਾਂ ਨੂੰ ਪਰਤੀਤ ਆਈ ਕਿ ਅਕਾਲ ਪੁਰਖ ਦਾ ਇਹ ਸਾਬਤ-ਸੂਰਤ ਖਾਲਸਾ ਜਗਤ ਪਿਤਾ ਪ੍ਰਮਾਤਮਾ ਦੀ ਹੋਂਦ ਦਾ ਦ੍ਰਿੜ੍ਹ-ਵਿਸ਼ਵਾਸੀ ਹੈ ਅਤੇ ਇਸ ਵਿਸ਼ਵਾਸ ਦੀ ਬੁਨਿਆਦ ਉਤੇ ਸਮੁਚੀ ਮਨੁੱਖ ਜਾਤੀ ਨੂੰ ਪ੍ਰਭੂ-ਪਿਤਾ ਦੀ ਸੰਤਾਨ ਜਾਣ ਕੇ, ਆਪਣੇ ਭਾਈ ਜਾਣ ਕੇ ਪਿਆਰਦਾ ਤੇ ਸਤਿਕਾਰਦਾ ਹੈ। ਨਸ਼ਿਆਂ ਅਤੇ ਵਿਕਾਰਾਂ ਵਿਚ ਸਿਰ ਤਕ ਖੁਭੇ ਹੋਏ ਵਿਦੇਸ਼ੀਆਂ ਤੇ ਤਰਸ ਖਾ ਕੇ ਜਦੋਂ ਖ਼ਾਲਸੇ ਨੇ ਹਮਦਰਦੀ ਦਾ ਹੱਥ ਵਧਾਇਆ, ਉਹਨਾਂ ਦੇ ਨਸ਼ੇ ਛੁਡਾ ਕੇ ਚੰਗੇ ਸ਼ਹਿਰੀ ਬਣਾਇਆ, ਉਹਨਾਂ ਦੀ ਵਿਕਾਰਾਂ ਵਿਚ ਬਰਬਾਦ ਕੀਤੀ ਸਰੀਰਕ ਸੱਤਿਆ ਬਹਾਲ ਕੀਤੀ ਅਤੇ ਅੰਮ੍ਰਿਤ ਬਾਣੀ ਨਾਲ ਜੋੜਿਆ ਤਾਂ ਉਹਨਾਂ ਨੂੰ ਇਉਂ ਭਾਸਿਆ ਜਿਵੇਂ ਉਹਨਾਂ ਦਾ ਪੁਨਰ-ਜੀਵਨ ਹੋਇਆ ਹੋਵੇ। ਓਹ 'ਧੰਨ ਸਿਖੀ ! ਧੰਨ ਸਿਖੀ !!' ਪੁਕਾਰ ਉਠੇ ਅਤੇ ਕੇਵਲ ਸਿਖੀ ਦੇ ਪ੍ਰਸੰਸਕ ਹੀ ਨਾ ਰਹੇ ਸਗੋਂ ਸਿਖੀ ਧਾਰਨ ਕਰ ਕੇ ਸਚੇ ਸੁਚੇ ਸਿਖ ਹੋ ਨਿਬੜੇ।

ਵਿਦੇਸ਼ਾਂ ਵਿਚ ਸਿਖੀ ਦਾ ਬੋਲ ਬਾਲਾ ਕਰਨ ਵਿਚ ਜਿਨ੍ਹਾਂ ਬੇਅੰਤ ਮਹਾਨ ਪੁਰਸ਼ਾਂ ਨੇ ਘਾਲਣਾ ਘਾਲੀ ਉਹਨਾਂ ਵਿਚੋਂ ਭਾਈ ਸਾਹਿਬ ਹਰਭਜਨ ਸਿੰਘ ਜੀ ਖਾਲਸਾ-ਜੋਗੀ ਦਾ ਨਾਮ ਵਰਨਣ ਯੋਗ ਹੈ। ਉਹਨਾਂ ਦੀ ਪ੍ਰੇਰਨਾ, ਕੁਰਬਾਨੀ ਅਤੇ ਲਗਾਤਾਰ ਉਦਮ ਦਾ ਸਦਕਾ ਭਾਰੀ ਗਿਣਤੀ ਵਿਚ ਅਮ੍ਰੀਕਾ ਦੇ ਯੁਵਕ ਅਤੇ ਯੁਵਤੀਆਂ ਸਿਖੀ ਦੇ ਧਾਰਨੀ ਹੋਏ ਹਨ ਅਤੇ ਇਸ ਅਣਥੱਕ ਮਿਸ਼ਨਰੀ ਦੀ ਨਿਰੰਤਰਿ ਲਗਨ ਅਤੇ ਪ੍ਰੀਸ਼ਰਮ ਦਾ ਸਦਕਾ ਸਿਖੀ ਪਰਚਾਰ ਅਮ੍ਰੀਕਾ ਵਿਚ ਇਕ ਲਹਿਰ ਦਾ ਰੂਪ ਧਾਰਨ ਕਰ ਗਿਆ ਹੈ। ਇਸ ਮਹਾਨ ਉਸਰਈਏ ਦੀ ਦੂਰ-ਅੰਦੇਸ਼ੀ ਅਤੇ ਸਿਆਣਪ ਦਾ ਸਦਕਾ ਅਮੀਕਾ ਵਿਚ ਸਜੇ ਸਿੰਘਾਂ ਦੀ ਇਕ ਭਾਰੀ ਜਥੇ-ਬੰਦੀ ਕਾਇਮ ਹੋ ਗਈ ਹੈ। ਇਸ ਦੇ ਮੈਂਬਰ ਵਿਅਕਤੀ-ਗਤ ਰਹਿਤ ਅਤੇ ਪੰਥਕ ਰਹਿਤ ਦੀ ਧਾਰਨਾ ਕਰਦੇ ਹੋਏ ਪੂਟੇ ਅਨੁਸ਼ਾਸਨ ਵਿਚ ਚਲਦੇ ਹਨ। ਇਹ ਕਰਾਮਾਤ ਤੋਂ ਘਟ ਮਹੱਤਤਾ ਵਾਲੀ ਗੱਲ ਨਹੀਂ ਕਿ ਅਮ੍ਰੀਕਾ ਵਿਚ ਸਿਖ ਮਿਸ਼ਨ ਸਥਾਪਿਤ ਹੋ ਗਿਆ ਹੈ, ਜਿਸਦੇ ਸੈਂਟਰ ਅਮ੍ਰੀਕਾ ਦੇ ਸਾਰੇ ਵਡੇ ਵਡੇ ਸ਼ਹਿਰਾਂ ਵਿਚ ਖੁਲ੍ਹ ਗਏ ਹਨ। ਇਹ ਨਵੇਂ ਸਜੇ ਸਿੰਘ ਸਾਰੇ ਮਿਸ਼ਨਰੀ-ਸਪਿਰਟ ਨਾਲ ਸਿਖੀ ਕਮਾਉਂਦੇ ਅਤੇ ਪਰਚਾਰਦੇ ਹਨ।

ਪੰਥਕ ਹਿਤੈਸ਼ੀਆਂ ਨੂੰ ਸਿਖੀ ਦੀ ਚੜ੍ਹਦੀ ਕਲਾ ਦੀਆਂ ਮਿਠੀਆਂ ਸੋਆਂ ਸੁਣ ਕੇ ਚਾਅ ਚੜ੍ਹ ਗਿਆ ਹੈ। ਅਮ੍ਰੀਕਨ ਸਿੰਘਾਂ ਦਾ ਜੱਥਾ ਜਦੋਂ ਜਦੋਂ ਭਾਰਤ ਵਿਚ ਗੁਰਧਾਮਾਂ ਦੀ ਯਾਤਰਾ ਕਰਨ ਲਈ ਆਇਆ ਹੈ, ਉਹਨਾਂ ਦੇ ਖ਼ਾਲਸਈ ਬਾਣੇ ਵਿਚ ਉਜਲ ਦੀਦਾਰੇ ਕਰ ਕੇ ਸਾਡਾ ਲੂੰ ਲੂੰ ਠੰਡਾ ਹੋਇਆ ਹੈ।

ਇਹਨਾਂ ਨਵੇਂ-ਸਜੇ ਸਿੰਘਾਂ ਦੀ ਕਥਾ-ਕਹਾਣੀ ਵੀ ਵਚਿਤਰ ਅਤੇ ਰੋਚਕ ਹੈ। ਇਸ ਲੇਖ ਦੇ ਲੇਖਕ ਦਾ ਸੰਪਰਕ ਇਹਨਾਂ ਸਿੰਘਾਂ ਨਾਲ, ਇਹਨਾਂ ਦੇ ਕੀਰਤਨ-ਪਰੋਗਰਾਮ ਪਿੰਡਾਂ ਵਿਚ ਰਖੇ ਜਾਣ ਦੇ ਸਬੰਧ ਵਿਚ ਹੋਇਆ। ਕੀਰਤਨ ਸਿਖਲਾਈ ਅਤੇ ਗੁਰਬਾਣੀ ਵਿਆਕਰਣ ਸਬੰਧੀ ਵਿਚਾਰ ਸਾਂਝੇ ਕਰਨ ਦੇ ਸਬੰਧ ਵਿਚ ਇਹਨਾਂ ਦੇ ਨੇੜੇ ਹੋਣ ਦਾ ਅਵਸਰ ਮਿਲਿਆ। ਜਲੰਧਰ ਅਤੇ ਗੁਰਦਾਸਪੁਰ ਵਿਖੇ ਪ੍ਰਬੰਧ ਕੀਤੇ ਗਏ ਕੀਰਤਨ-ਪ੍ਰੋਗਰਾਮਾਂ ਵਿਚ ਮੈਨੂੰ ਨਿਜੀ ਤੌਰ ਤੇ ਵੀ ਇਸ ਜੱਥੇ ਨਾਲ ਜਾਣ, ਰਲ-ਮਿਲ ਕੀਰਤਨ ਕਰਨ ਅਤੇ ਵਿਚਾਰ ਸਾਂਝੇ ਕਰਨ ਦਾ ਮੌਕਾ ਮਿਲਿਆ। ਗੁਰਦਾਸਪੁਰ ਵਿਚ ਸੰਗਤ ਦੇ ਭਾਰੀ ਇਕੱਠ ਵਿਚ ਸੰਗਤ ਨੇ ਮੰਗ ਕੀਤੀ ਕਿ ਉਹ ਆਪਣੀ ਸਿਖੀ ਵਿਚ ਪਰਵੇਸ਼ ਕਰਨ ਦੀ ਕਹਾਣੀ ਆਪਣੀ ਰਸਨਾ ਤੋਂ ਸੁਣਾਉਣ। ਸੰਖੇਪ ਜਹੇ ਸ਼ਬਦਾਂ ਵਿਚ, ਪਰ ਕਿਸੇ ਉਮਾਹ-ਭਰੇ ਅਦਬ ਵਿਚ ਇਸ ਜਥੇ ਦੇ ਭਾਈ ਸਾਹਿਬ ਲਿਵਤਾਰ ਸਿੰਘ ਜੀ ਨੇ ਅੰਗ੍ਰੇਜ਼ੀ ਵਿਚ ਜੋ ਭਾਸ਼ਨ ਦਿਤਾ, ਉਸ ਦਾ ਅਨੁਵਾਦ ਇਹ ਪ੍ਰਕਾਰ ਸੀ :—

"ਅਕਾਲ-ਪੁਰਖ ਅਤੇ ਸਤਿਗੁਰੂ ਦਾ ਲਖ ਲਖ ਸ਼ੁਕਰ ਹੈ ਕਿ ਉਸਦੀ ਮਿਹਰ ਦਾ ਸਦਕਾ ਇਸ ਜੱਥੇ ਨੂੰ ਸਤਿਗੁਰਾਂ ਦੀ ਪਾਵਨ ਭੂਮੀ ਤੇ ਹਾਜ਼ਰ ਹੋ ਕੇ ਗੁਰਧਾਮਾਂ ਦੀ ਚਰਨ ਧੂੜ ਮਥੇ ਤੇ ਲਾਉਣ ਅਤੇ ਇਸ ਭਾਰਤ ਦੇਸ਼ ਵਿਚ ਵਸਦੇ ਆਪਣੇ ਗੁਰ



www.AKJ.Org

ਭਾਈਆਂ ਦੇ ਦਰਸ਼ਨ-ਦੀਦਾਰ ਕਰਨ ਅਤੇ ਸਿਖ ਸੰਗਤਾਂ ਦੀ ਕੀਰਤਨ ਦੁਆਰਾ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ । ਇਸ ਖੁਸ਼ੀ ਦਾ ਅਨੁਭਵ ਕੇਵਲ ਅਸੀਂ ਹੀ ਕਰ ਸਕਦੇ ਹਾਂ, ਜੋ ਕਾਰੀ ਖ਼ਰਚ ਕਰ ਕੇ, ਆਪਣੇ ਕੰਮ ਕਾਰ ਛਡ ਕੇ, ਹਜ਼ਾਰਾਂ ਮੀਲਾਂ ਦੀ ਦੂਰੀ ਤੋਂ ਇਸ ਕਾਰਜ ਲਈ ਹਾਜ਼ਰ ਹੋਏ ਹਾਂ ।

''ਅਸੀਂ ਅਮ੍ਰੀਕਾ ਨਿਵਾਸੀ ਮਾਦਾ-ਪ੍ਰਸਤੀ ਦੇ ਵਾਤਾਵਰਣ ਵਿਚ ਜੰਮੇ ਪਲੇ । ਮਾਇਆ ਕਮਾਉਣੀ ਅਤੇ ਐਸ਼-ਇਸ਼ਰਤ ਤੇ ਰੰਗ-ਰਲੀਆਂ ਵਿਚ ਉਡਾ ਛਡਣੀ, ਦਿਨ ਰਾਤ ਨਸ਼ਿਆਂ ਵਿਚ ਬਦਮਸਤ ਹੋ ਕੇ, ਭੋਗਾਂ ਵਿਚ ਗ੍ਰਸਤ ਰਹਿਣਾ ਇਤਿ ਆਦਿ, ਇਸ ਤੋਂ ਅਗੇ ਸਾਨੂੰ ਕੁਝ ਪਤਾ ਹੀ ਨਹੀਂ ਸੀ ।

''ਅਕਾਲ ਪੁਰਖ ਅਤੇ ਸਤਿਗੁਰੂ ਜੀ ਦੀ ਮੇਹਰ ਹੋਈ, ਅਠ ਸਾਲ ਹੋਏ, ਇਕ ਮਹਾਨ ਪੁਰਸ਼, ਇਕ ਆਦਰਸ਼ਕ ਮਿਸ਼ਨਰੀ, ਭਾਈ ਸਾਹਿਬ ਹਰਭਜਨ ਸਿੰਘ ਜੀ ਖ਼ਾਲਸਾ-ਜੋਗੀ ਅਮ੍ਰੀਕਾ ਵਿਚ ਆਇਆ । ਉਸ ਨੇ ਸਾਨੂੰ ਵਿਕਾਰਾਂ ਦੀ ਜਿਲ੍ਹਣ ਵਿਚੋਂ ਕਢਿਆ, ਸਾਡੀ ਨਸ਼ਿਆਂ ਅਤੇ ਵਿਕਾਰਾਂ ਵਿਚ ਖੀਣ ਹੋਈ ਸਰੀਰਕ ਸਤਿਆ ਨੂੰ ਯੋਗ ਸਾਧਨਾ ਰਾਹੀਂ ਬਹਾਲ ਕੀਤਾ ਅਤੇ ਫਿਰ ਸਾਨੂੰ ਸਿਖੀ ਦਾ ਕਲਿਆਣਕਾਰੀ ਸੰਦੇਸ਼ ਦਿਤਾ, ਅੰਮ੍ਰਿਤ ਬਾਣੀ ਦੇ ਲੜ ਲਾਇਆ । ਇਸ ਮਹਾਨ ਪੁਰਸ਼ ਦੀ ਵਰ੍ਹਿਆਂ ਬਧੀ ਕਰੜੀ ਘਾਲਣਾ ਅਤੇ ਕੁਰਬਾਨੀ ਦਾ ਸਿੱਟਾ ਹੈ ਕਿ ਅਜ ਅਸੀਂ ਆਪ ਜੀ ਨੂੰ ਖਾਲਸਾ ਸਰੂਪ ਵਿਚ ਨਜ਼ਰ ਆ ਰਹੇ ਹਾਂ । ਇਸ ਮਹਾਨ ਪੁਰਸ਼ ਦਾ ਰਿਣ ਅਸੀਂ ਸਾਰੀ ਉਮਰ ਨਹੀਂ ਚੁਕਾ ਸਕਦੇ ।

''ਸਾਨੂੰ ਦੁਖ ਹੋਇਆ ਹੈ ਕਿ ਕੁਝ ਸੁਆਰਥੀ ਅਤੇ ਸ਼ਰਾਰਤੀ ਲੋਕੀ ਇਸ ਮਹਾਨ ਪੁਰਸ਼ ਉਤੇ ਅਣਹੋਏ ਤੇ ਬੇਬੁਨਿਆਦੇ ਦੋਸ਼ ਥੋਪ ਕੇ ਉਸ ਨੂੰ ਬਦਨਾਮ ਕਰਨ ਦੀ ਕੁਟਲ ਚਾਲ ਚਲ ਰਹੇ ਹਨ, ਤੇ ਸਾਡੇ ਬਾਰੇ ਕਈ ਗਲਤ-ਫ਼ਹਿਮੀਆਂ ਪਾ ਰਹੇ ਹਨ । ਅਸੀਂ ਇਸ ਬਾਰੇ ਸੰਗਤਾਂ ਨੂੰ ਖ਼ਬਰਦਾਰ ਕਰਦੇ ਹੋਏ ਬੇਨਤੀ ਕਰਦੇ ਹਾਂ ਕਿ ਉਹ ਸੱਚਾਈ ਅਤੇ ਅਸਲੀਅਤ ਨੂੰ ਪਛਾਣਨ ਤੇ ਧੋਖੇ ਵਿੱਚ ਨਾ ਆਉਣ । ਅਸਾਂ ਰਲ ਕੇ ਖ਼ਾਲਸੇ ਦੀ ਚੜ੍ਹਦੀ ਕਲਾ ਵਾਸਤੇ ਜਤਨ ਕਰਨਾ ਹੈ । ਸਾਡੇ ਰਸਤੇ ਵਿਚ ਜੇ ਕੋਈ ਪੰਥ-ਦੋਖੀ ਰੋੜਾ ਅਟਕਾਉਂਦਾ ਹੈ, ਅਸੀਂ ਉਸ ਨੂੰ ਲਾਂਭੇ ਸੁਟ ਕੇ ਅਗਾਂਹ ਵਧਦੇ ਜਾਈਏ । ਸਾਨੂੰ ਵਿਸ਼ਵਾਸ ਹੈ, ਅਕਾਲ ਪੁਰਖ ਅਤੇ ਗੁਰੂ ਸਦਾ ਸਾਡੇ ਅੰਗ-ਸੰਗ ਹੈ ।''

ਇਹ ਹੈ ਇਨ੍ਹਾਂ ਸਿੰਘਾਂ ਦੇ ਸਿਖੀ ਵਿਚ ਪ੍ਰਵੇਸ਼ ਕਰਨ ਦੀ ਗਾਥਾ ਉਹਨਾਂ ਦੀ ਆਪਣੀ ਜ਼ਬਾਨੀ । ਇਹਨਾਂ ਗੁਰਸਿਖਾਂ ਦੇ ਜੀਵਨ ਬਾਰੇ ਜੋ ਕੁਝ ਅੱਖੀਂ ਡਿੱਠਾ ਹੈ, ਉਸਦਾ ਵਰਨਣ ਕਰਨਾ ਵੀ ਸਿੱਖੀ ਫ਼ਰਜ਼ ਦੀ ਪਾਲਨਾ ਕਰਨ ਹਿਤ ਜ਼ਰੂਰੀ ਹੈ—

(1) ਅਮ੍ਰੀਕਨ ਸਿੰਘਾਂ ਦਾ ਦ੍ਰਿੜ੍ਹ ਵਿਸ਼ਵਾਸ ਹੈ ਕਿ ਖਾਲਸੇ ਦੇ ਗੁਰੂ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਹਨ । ਇਹ ਸਿੰਘ ਨਾ ਕਿਸੇ ਵਿਅਕਤੀ ਨੂੰ ਮੱਥਾ ਟੇਕਦੇ ਹਨ ਤੇ ਨਾ ਕਿਸੇ ਵਿਅਕਤੀ ਦੀ ਪੂਜਾ ਕਰਦੇ ਹਨ । ਸਤਿਕਾਰ ਇਹ ਸਰਬੱਤ ਖਾਲਸੇ ਦਾ ਹਿਤੋਂ ਚਿਤੋਂ ਕਰਦੇ ਹਨ, ਪਰ ਆਪਣੇ ਜਥੇਦਾਰ ਦਾ ਸਤਿਕਾਰ ਕਰਨਾ ਤੇ ਉਸਦੀ ਆਗਿਆ ਦਾ ਪਾਲਨ ਕਰਨਾ ਆਪਣਾ ਮੁਖ ਕਰਤੱਵ ਸਮਝਦੇ ਹਨ ।

(2) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ, ਗੁਰਮਤਿ ਰਹਿਤ-ਰਹਿਣੀ ਵਿਚ ਪਰਪੱਕ ਪੰਜ ਪਿਆਰਿਆਂ ਦੁਆਰਾ ਖੰਡੇ ਦਾ ਅੰਮ੍ਰਿਤ ਛਕ ਕੇ ਗੁਰਦੀਖਿਅਤ ਹੋਣ ਦੇ ਅਸੂਲ ਦੇ ਮਨ, ਬਚ, ਕਰਮ ਕਰਕੇ ਕਾਇਲ ਹਨ । ਜਦੋਂ ਵੀ ਕੋਈ ਵਿਅਕਤੀ ਗੁਰਮੁਖੀ ਪੜ੍ਹਨਾ ਲਿਖਣਾ ਸਿਖ ਕੇ ਨਿਤਨੇਮ ਕਰਨ ਦੇ ਜੋਗ ਹੋ ਜਾਂਦਾ ਹੈ ਉਸਨੂੰ ਅੰਮ੍ਰਿਤ ਛਕਾ ਦਿਤਾ ਜਾਂਦਾ ਹੈ ।

(3) ਅੰਮ੍ਰਿਤ-ਧਾਰੀ ਅਮ੍ਰੀਕਨ-ਖਾਲਸਾ ਰਹਿਤ ਬਹਿਤ, ਜਿੰਨੀ ਕਿ ਇਹਨਾਂ ਨੂੰ ਸਮਝ ਆ ਸਕੀ ਹੈ, ਉਸ ਵਿਚ ਬਹੁਤ ਪਰਪੱਕ ਹੈ । ਇਹ ਪੰਜ


www.AKJ.Org

ਕਕਾਰੀ ਰਹਿਤ ਦੇ ਧਾਰਨੀ ਹਨ। ਕਿਰਪਾਨ ਚੋਲੇ ਦੇ ਬਾਹਰ-ਵਾਰ ਪੁਰਾਤਨ ਗੁਰਸਿਖ ਵਾਂਗੂ ਬੜੇ ਫ਼ਖ਼ਰ ਨਾਲ ਸਜਾਉਂਦੇ ਹਨ। ਹਰ ਰੋਜ਼ ਸਵੇਰੇ ਅੰਮ੍ਰਿਤ ਬਾਣੀਆਂ ਦਾ ਨਿਤਨੇਮ, ਸ਼ਾਮ ਸੋਦਰ ਅਤੇ ਬਿਰਾਜਣ ਸਮੇਂ ਸੋਹਿਲਾ ਕਰਨਾ ਕੋਈ ਨਹੀਂ ਖੁੰਝਾਉਂਦਾ।

(4) ਅੰਮ੍ਰਿਤ ਵੇਲੇ ਜਾਗ ਕੇ ਨਾਮ ਸਿਮਰਨ ਕਰਨ ਦੇ ਬਹੁਤ ਪਾਬੰਦ ਹਨ। ਗੁਰਮੰਤਰ ਦੇ ਜਾਪ ਤੋਂ ਛੁਟ ਮੂਲ ਮੰਤਰ ਦਾ ਰਟਣ ਵੀ ਇਹਨਾਂ ਦੇ ਨਿਤਨੇਮ ਵਿਚ ਸ਼ਾਮਲ ਹੈ।

ਗੁਬਿੰਦੇ ਮੁਕੰਦੇ ॥ ਉਦਾਰੇ ਅਪਾਰੇ ॥
ਹਰੀਅੰ ਕਰੀਅੰ ॥ ਨਿਰਨਾਮੇ ਅਕਾਮੇ ॥
(ਜਾਪੁ ਸਾਹਿਬ)

ਆਦਿ ਗੁਰਏ ਨਮਹ ॥ ਜੁਗਾਦਿ ਗੁਰਏ ਨਮਹ ॥
ਸਤਿਗੁਰਏ ਨਮਹ ॥ ਸ੍ਰੀ ਗੁਰਦੇਵਏ ਨਮਹ ॥
(ਸੁਖਮਨੀ ਸਾਹਿਬ)

ਉਪ੍ਰੋਕਤ ਪੰਗਤੀਆਂ ਤਰੰਨਮ ਨਾਲ ਬੜੇ ਵਜਦ ਵਿਚ ਗਾਉਂਦੇ ਹਨ।

(5) ਬਾਣੀ ਦੇ ਨਾਲ ਨਾਲ ਇਹ ਬਾਣੇ ਦੇ ਵੀ ਆਸ਼ਕ ਹਨ। ਸਾਰੇ ਮੈਂਬਰ ਖ਼ਾਲਸਈ ਪਹਿਰਾਵੇ ਦੇ ਧਾਰਨੀ ਹਨ। ਸਾਰਿਆਂ ਦੇ ਦਾੜ੍ਹੇ ਪਰਕਾਸ਼ ਹਨ। ਸਰਬੱਤ ਖਾਲਸਾ [ਸਮੇਤ ਬੀਬੀਆਂ ਦੇ] ਸਿਰ ਤੇ ਦੁਮਾਲੇ ਦਸਤਾਰੇ ਸਜਾਉਂਦਾ ਹੈ। ਬੜੇ ਗੌਰਵ ਅਤੇ ਤਾਣ ਨਾਲ ਸਿਖੀ ਕਮਾਉਂਦੇ ਹਨ।

(6) ਆਪਣੇ ਅੰਗ੍ਰੇਜ਼ੀ ਨਾਵਾਂ ਨੂੰ ਤਿਆਗ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਮ-ਨਾਮਿਆਂ ਦੇ ਅਖਰਾਂ ਦੇ ਅਧਾਰ ਦੇ ਇਹਨਾਂ ਦੇ ਨਾਮ ਰਖੇ ਗਏ ਹਨ, ਜੋ ਬੜੇ ਵਚਿਤਰ ਵਿਲੱਖਣ ਅਤੇ ਗੁਰਮਤੀ ਹਨ। ਜਿਵੇਂ ਗੁਰਪਰਸਾਦਿ ਸਿੰਘ ਖਾਲਸਾ, ਗੁਰੂ-ਜੋਤ ਕੌਰ ਖਾਲਸਾ, ਗੁਰਬੰਦਾ ਸਿੰਘ ਖ਼ਾਲਸਾ, ਆਦਿ। ਬੀਬੀਆਂ ਅਤੇ ਸਿੰਘ ਸਾਰੇ ਹੀ ਆਪਣੇ ਨਾਮ ਮਗਰੋਂ 'ਖਾਲਸਾ' ਲਕਬ ਲਾ ਕੇ ਰਾਜਿਆਂ ਜਿੰਨਾ ਫ਼ਖ਼ਰ ਮਹਿਸੂਸ ਕਰਦੇ ਹਨ। ਸਾਧ ਸੰਗਤ ਵਿਚ ਇਸਤ੍ਰੀ ਪੁਰਸ਼ ਦਾ ਭਿੰਨ-ਭੇਦ ਤਿਆਗ ਕੇ ਜਿਥੇ ਥਾਂ ਮਿਲੇ, ਸਜ ਜਾਂਦੇ ਹਨ। ਗੁਰਬਾਣੀ ਟਿਕ ਕੇ ਸੁਰਤ ਇਕਾਗਰ ਕਰ ਕੇ ਸੁਣਦੇ ਹਨ। ਹਰਿਮੰਦਰ ਸਾਹਿਬ ਵਿਚ ਕਈ ਗੁਰਮੁਖ ਘੰਟਿਆਂ ਬਧੀ ਅਟੱਲ ਚੌਂਕੜੇ ਸਜੱ, ਨੈਣ ਮੁੰਦ ਸਮਾਧੀ ਵਿਚ ਕੀਰਤਨ ਦਾ ਅਨੰਦ ਮਾਣਦੇ ਅਸਾਂ ਨੇ ਅਖੀਂ ਡਿਠੇ ਹਨ।

(7) ਇਹਨਾਂ ਵਿਚ ਕੋਈ ਵੀ ਵਿਹਲੜ ਨਹੀਂ। ਸਾਰੇ ਆਪੋ ਆਪਣੀ ਥਾਵੇਂ ਦਿਨ ਭਰ ਸਚੀ ਸੁਚੀ ਕਿਰਤ ਕਰਦੇ ਹਨ ਅਤੇ ਸਵੇਰੇ ਸ਼ਾਮ ਗੁਰਦਵਾਰਿਆਂ (ਆਸ਼੍ਰਮਾਂ) ਵਿਚ ਨਾਮ ਬਾਣੀ ਦਾ ਕੀਰਤਨ ਕਰਦੇ ਹਨ। ਇਹਨਾਂ ਵਿਚੋਂ ਕੋਈ ਵੀ ਮੈਂਬਰ ਮਾਇਆ ਲੈ ਕੇ ਕੀਰਤਨ ਅਥਵਾ ਪਾਠ ਨਹੀਂ ਕਰਦਾ। ਗੁਰਬਾਣੀ ਦਾ ਕੀਰਤਨ ਤੇ ਪਾਠ ਨਿਸ਼ਕਾਮ ਭਾਵਨਾ ਨਾਲ ਕਰਦੇ ਹਨ। ਆਪਣੀ ਧਰਮ-ਕਿਰਤ ਵਿਚੋਂ ਗੁਰੂ-ਅਰਥ ਯਥਾ ਸ਼ਕਤਿ ਭੇਟ ਕਰਦੇ ਹਨ।

(8) ਵਿਕਾਰਾਂ ਤੇ ਨਸ਼ਿਆਂ ਵਿਚ ਖੀਣ ਕੀਤੀ ਹੋਈ ਸਰੀਰਕ ਸਤਿਆ ਬਹਾਲ ਹੋਣ ਮਗਰੋਂ ਇਹਨਾਂ ਨੂੰ ਸਰੀਰਕ ਬਲ ਦੀ ਕਦਰ ਪਈ ਹੈ। ਹੁਣ ਇਹ ਸਰੀਰ ਨੂੰ ਨਾਮ ਬਾਣੀ ਦੇ ਸਿਮਰਨ ਲਈ ਹਰੀ ਦਾ ਮੰਦਰ ਜਾਣ ਕੇ ਇਸ ਦੀ ਪਾਲਣਾ ਪੋਸਣਾ ਕਰਦੇ ਹਨ। ਸਾਤਵਿਕ ਭੋਜਨ ਸੇਵਨ ਕਰਦੇ ਹਨ। ਮਾਸ, ਸ਼ਰਾਬ ਅਤੇ ਅੰਡੇ ਆਦਿ ਤਾਮਸਿਕ ਭੋਜਨ ਦੇ ਤਿਆਗੀ ਹਨ। ਜੜੀ ਬੂਟੀਆਂ ਤੋਂ ਤਿਆਰ ਕੀਤੀ ਚਾਹ ਨੂੰ 'ਜੋਗੀ-ਚਾਹ' ਅਤੇ ਅਧਰਕ ਨੂੰ ਪਾਣੀ ਵਿਚ ਉਬਾਲ ਕੇ ਵਿਚ ਦੁੱਧ ਮਿਲਾ ਕੇ ਬਣੇ ਮਿਸ਼ਰਣ ਨੂੰ 'ਜਿੰਜਰ ਚਾਹ' ਕਹਿੰਦੇ ਹਨ ਤੇ ਇਹਨਾਂ ਨੂੰ ਛਕਦੇ ਹਨ।

(9) ਹਰ ਰੋਜ਼ ਜੋਗ-ਸਾਧਨ ਕਰਨਾ ਇਹਨਾਂ ਦੀ ਨਿਤ ਕਿਰਿਆ ਹੈ, ਪਰ ਜੋਗ-ਆਸਣਾਂ ਨੂੰ ਆਤਮ-ਵਿਕਾਸ ਦਾ ਸਾਧਨ ਨਹੀਂ ਮੰਨਦੇ, ਸਗੋਂ ਸਰੀਰਕ ਸੁਅਸਥ ਲਈ, ਸਰੀਰ ਦੇ ਵਖ ਵਖ ਅੰਗਾਂ ਦੀ ਕਸਰਤ ਲਈ ਇਹ ਵਖ ਵਖ ਜੋਗ-



www.AKJ.Org

ਆਸਣ ਕਰਦੇ ਹਨ, ਜਿਵੇਂ ਅਸੀਂ ਲੋਕੀ ਸਰੀਰਕ ਤੰਦਰੁਸਤੀ ਲਈ ਡੰਡ ਪੇਲਦੇ ਹਾਂ, ਬੈਠਕਾਂ ਕਢਦੇ ਹਾਂ; ਟੈਨਿਸ, ਹਾਕੀ, ਫੁਟਬਾਲ, ਆਦਿ ਗੇਮਾਂ ਖੇਡਦੇ ਹਾਂ। ਇਸ ਬਾਰੇ ਇਹਨਾਂ ਨੇ ਆਪਣੇ ਲੇਖਾਂ ਦੁਆਰਾ ਕਈ ਵਾਰੀ ਸਪੱਸ਼ਟੀ-ਕਰਣ ਕੀਤਾ ਹੈ।

(10) ਇਹ ਗੁਰਮੁਖੀ ਪੜ੍ਹ ਲਿਖ ਸਕਦੇ ਹਨ, ਪਰ ਅਰਥ ਅਜੇ ਨਹੀਂ ਜਾਣਦੇ। ਅਰਥਾਂ ਦੀ ਜਾਣਕਾਰੀ ਨਾ ਹੋਣ ਦੇ ਬਾਵਜੂਦ ਗੁਰਬਾਣੀ ਪੜ੍ਹਨ ਸੁਣਨ ਦਾ ਅਭਿਆਸ ਬੜੇ ਚਾਅ ਨਾਲ ਕਰਦੇ ਹਨ। ਗੁਰਬਾਣੀ ਦੇ ਸ਼ੁਧ ਉਚਾਰਣ ਸਿਖਣ ਦੀ ਬੜੀ ਲਗਨ ਹੈ ਇਹਨਾਂ ਨੂੰ, ਅਤੇ ਇਸ ਸਬੰਧੀ ਬੜੇ ਪੇਚੀਦਾ ਪ੍ਰਸ਼ਨ ਕਰਦੇ ਹਨ। ਤਕਰੀਬਨ ਇਹਨਾਂ ਸਾਰਿਆਂ ਪਾਸ 'ਗੁਰਬਾਣੀ ਵਿਆਕਰਣ' ਦੀ ਪੁਸਤਕ ਹੈ, ਅਤੇ ਗੁਰਬਾਣੀ ਵਿਆਕਰਣ ਸਬੰਧੀ ਜਾਣਕਾਰੀ ਕਰਨ ਦੇ ਇੱਛਕ ਹਨ। ਇਹਨਾਂ ਦੀ ਲਗਨ, ਉਤਸ਼ਾਹ ਅਤੇ ਸ਼ਰਧਾ ਦੇਖ ਕੇ ਮਹਿਸੂਸ ਹੁੰਦਾ ਹੈ ਕਿ ਉਹ ਦਿਨ ਦੂਰ ਨਹੀਂ ਜਦੋਂ ਇਹਨਾਂ ਦਾ ਹਰੇਕ ਮੈਂਬਰ ਗੁਰਬਾਣੀ ਦਾ ਵਿਦਵਾਨ ਹੋ ਨਿਬੜੇਗਾ।

(11) ਇਹਨਾਂ ਦੇ ਜਥੇਦਾਰ ਭਾਈ ਸਾਹਿਬ ਹਰਭਜਨ ਸਿੰਘ ਜੀ ਜੋਗੀ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਫ਼ਰਸ਼ ਆਦਿ ਤੇ ਕਈ ਸਾਲ ਇਸ਼ਨਾਨ ਕਰਾਉਣ ਅਤੇ ਕਈ ਸਾਲ ਝਾੜੂ ਆਦਿ ਦੀ ਨਿਰੰਤਰ ਸੇਵਾ ਕਰਨ ਵਜੋਂ ਸ੍ਰੀ ਗੁਰੂ ਰਾਮ ਦਾਸ ਸਾਹਿਬ ਜੀ ਦੇ ਦਰੋਂ ਘਰੋਂ ਵਿਸ਼ੇਸ਼ ਬਖਸ਼ਸ਼ ਹੋਈ, ਜਿਸ ਦਾ ਸਦਕਾ ਭਾਈ ਸਾਹਿਬ ਦੇ ਆਪਣੇ ਜੀਵਨ ਵਿਚ ਅਤੇ ਇਹਨਾਂ ਦੇ ਸਤਸੰਗੀਆਂ ਦੇ ਜੀਵਨ ਵਿਚ ਗੁਰੂ ਰਾਮਦਾਸ ਸ੍ਰਾਹਿਬ ਅਤੇ ਸ੍ਰੀ ਹਰਿਮੰਦਰ ਸਾਹਿਬ ਵਾਸਤੇ ਵਿਸ਼ੇਸ਼ ਸਤਿਕਾਰ ਦੀ ਭਾਵਨਾ ਹੈ। ਪਰ ਇਹ ਸਾਰੇ ਗੁਰੂ ਸਾਹਿਬਾਨ ਨੂੰ ਇਕ-ਜੋਤਿ ਜਾਣਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤਾ ਦੇ ਅਟੱਲ ਵਿਸ਼ਵਾਸੀ ਹਨ ਤੇ ਕਲਗੀਧਰ ਪਾਤਸ਼ਾਹ ਦੀ ਖੰਡੇ ਦੇ ਅੰਮ੍ਰਿਤ ਦੀ ਪ੍ਰਥਾ ਦੇ ਮਨ ਬਚ ਕਰਮ ਕਰਕੇ ਕਾਇਲ ਹਨ।

ਪੂਰਾ ਸੂਰਾ ਤਾਂ ਗੁਰੂ ਕਰਤਾਰ ਹੀ ਹੈ। ਪਰ ਇਹਨਾਂ ਸਿੰਘਾਂ ਵਿਚ ਗੁਰਮਤਿ ਦੇ ਸਾਰੇ ਅਸੂਲ ਧਾਰਨ ਕਰਨ ਦੀ ਲਾਲਸਾ ਬੜੀ ਤੀਬਰ ਹੈ। ਜਿਉਂ ਜਿਉਂ ਪਤਾ ਲਗਦਾ ਜਾਂਦਾ ਹੈ, ਗੁਰਮਤਿ ਦੇ ਅਸੂਲ ਅਪਣਾਈ ਜਾਂਦੇ ਹਨ। ਇਸ ਕਾਰਜ ਵਿਚ ਅਸੀਂ ਸੁਹਿਰਦਤਾ, ਸਦ-ਭਾਵਨਾ ਅਤੇ ਪ੍ਰੇਮ-ਭਰਿਆ ਵਤੀਰਾ ਅਪਣਾ ਕੇ ਉਹਨਾਂ ਦੀ ਹੋਰ ਸਹਾਇਤਾ ਕਰ ਸਕਦੇ ਹਾਂ।

ਨਵੇਂ ਸਜੇ ਖਾਲਸੇ ਦੇ ਗੁਣ ਵਰਨਣ ਕਰਨ ਵਿਚ ਮੈਂ ਆਪਣੇ ਫ਼ਰਜ਼ ਦੀ ਪਾਲਣਾ ਕੀਤੀ ਹੈ। ਇਹ ਗੁਣਾਂ ਦੀ ਸਾਂਝ ਕਰਨੀ ਗੁਰੂ ਪਾਤਸ਼ਾਹ ਦੇ ਹੁਕਮਾਂ ਦੀ ਪਾਲਣਾ ਹੀ ਹੈ :–

ਸਾਝ ਕਰੀਜੈ ਗੁਣਹ ਕੇਰੀ, ਛੋਡਿ ਅਵਗਣ ਚਲੀਐ ॥
ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ॥
[ਸੂਹੀ ਛੰਤ ਮਹਲਾ ੧, ਪੰਨਾ ੭੬੬

ਖਾਲਸੇ ਦੇ ਗੁਣ ਬਿਆਨ ਕਰਨ ਵਿਚ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਿਮਨ ਲਿਖਤ ਬਚਨਾਂ ਤੋਂ ਪਰੇਰਨਾ ਲਈ ਹੈ :—

ਰੋਮ ਰੋਮ ਜੇ ਰਸਨਾ ਪਾਊਂ ॥
ਤਦਪ ਖਾਲਸਾ ਜਸੁ ਤੋਹਿ ਗਾਊਂ ॥

ਇਨ੍ਹਾਂ ਦੀ ਮਰਯਾਦਾ ਵਿਚ ਜੇ ਕੋਈ ਕਸਰ ਬਾਕੀ ਦਿਸਦੀ ਹੈ ਜਿਸ ਦੇ ਕਢਣ ਨਾਲ ਖ਼ਾਲਸੇ ਦੀ ਵਧੇਰੀ ਚੜ੍ਹਦੀ ਕਲਾ ਹੋ ਸਕਦੀ ਹੈ ਤਾਂ ਉਸ ਬਾਰੇ ਵੀਚਾਰ ਅਸਾਂ ਸਾਰਿਆਂ ਨੇ ਰਲ ਕੇ ਕਰਨੀ ਹੈ ਤੇ ਖ਼ਾਮੀਆਂ ਦੂਰ ਕਰਨ ਦਾ ਉਪਰਾਲਾ ਕਰਨਾ ਹੈ, ਪਰ ਸੁਹਿਰਦਤਾ ਤੇ ਸਦ-ਭਾਵਨਾ ਨਾਲ।

ਅੰਤ ਵਿਚ ਦੇਸ਼ ਨਿਵਾਸੀ ਖ਼ਾਲਸੇ ਦੇ ਚਰਨਾਂ ਵਿਚ ਕੁਝ ਬੇਨਤੀਆਂ ਕਰ ਕੇ ਇਸ ਲੇਖ ਨੂੰ ਸਮਾਪਤ ਕਰਦਾ ਹਾਂ:—

(1) ਪੰਥਕ ਲੀਡਰਸ਼ਿਪ, ਸ: ਗੁਰਚਰਨ ਸਿੰਘ ਜੀ ਟੌਹੜਾ ਪ੍ਰਧਾਨ ਸ਼ਰੋਮਣੀ ਗੁ: ਪ੍ਰਬੰਧਕ ਕਮੇਟੀ, ਸਰਦਾਰ ਜਗਦਵ ਸਿੰਘ ਜੀ ਤਲਵੰਡੀ ਪ੍ਰਧਾਨ



www.AKJ.Org

ਸ਼ਰੋਮਣੀ ਅਕਾਲੀ ਦਲ, ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਆਦਿ ਸੁਹਿਰਦ ਲੀਡਰਾਂ ਨੇ ਅਮਰੀਕਾ ਵਿਚ ਕੀਤੇ ਜਾ ਰਹੇ ਸਿੱਖੀ ਦੇ ਪਰਸਾਰ ਅਤੇ ਪ੍ਰਚਾਰ-ਕਰਨਹਾਰਿਆਂ ਦੇ ਮਿਸ਼ਨਰੀ ਕੰਮ ਦੀ ਪ੍ਰਸੰਸਾ ਕਰ ਕੇ ਦੂਰ-ਦਰਸ਼ਤਾ ਦਾ ਸਬੂਤ ਦਿਤਾ ਹੈ। ਉਹਨਾਂ ਨੂੰ ਅਮਰੀਕਾ ਦੇ 'ਟਾਈਮਜ਼' ਰਸਾਲੇ ਰਾਹੀਂ ਕੀਤੇ ਗਏ ਝੂਠੇ ਤੇ ਬੇ-ਬੁਨਿਆਦ ਪ੍ਰਾਪੇਗੰਡੇ, ਦਾ ਪਾਜ ਉਘੇੜਨ ਲਈ ਪੂਰਾ ਤਾਣ ਲਾਉਣਾ ਚਾਹੀਦਾ ਹੈ, ਤਾਂ ਜੁ ਸਿਖਾਂ ਦੇ ਅਤੇ ਸਿਖੀ ਦੇ ਵਿਰੁਧ ਅਗੇ ਨੂੰ ਕੋਈ ਵਿਅਕਤੀ ਜਾਂ ਸੰਸਥਾ ਪਲੀਤ ਚਾਲ ਚਲਣ ਦਾ ਹੀਆ ਨਾ ਕਰ ਸਕੇ। ਇਸਦੇ ਨਾਲ ਇਹ ਵੀ ਜ਼ਰੂਰੀ ਹੈ ਕਿ ਜਿਨ੍ਹਾਂ ਤਥਾਂ ਦੇ ਅਧਾਰ ਤੇ ਵਿਰੋਧਤਾ ਹੋ ਰਹੀ ਹੈ ਉਹਨਾਂ ਬਾਰੇ ਸ਼ਰੋਮਣੀ ਗੁ: ਪ੍ਰਬੰਧਕ ਕਮੇਟੀ ਵੱਲੋਂ ਆਪਣੇ ਤੌਰ ਤੇ ਪੂਰੀ ਜਾਂਚ ਪੜਤਾਲ ਕਰਵਾ ਕੇ ਅਸਲੀਅਤ ਲਭੀ ਤੇ ਉਜਾਗਰ ਕੀਤੀ ਜਾਵੇ ਅਤੇ ਜਿਹੜੀ ਜਿਹੜੀ ਥਾਵੇਂ ਕੋਈ ਖਾਮੀ ਨਜ਼ਰ ਪੈਂਦੀ ਹੈ ਉਸ ਨੂੰ ਦੂਰ ਕਰਨ ਕਰਵਾਉਣ ਲਈ ਤੁਰਤ ਕਾਰਵਾਈ ਕੀਤੀ ਜਾਵੇ।

(2) ਜਿਹੜੇ ਵਿਅਕਤੀ ਅਮਰੀਕਨ ਸਿੰਘਾਂ ਦੀ ਜਾਂ ਉਹਨਾਂ ਦੇ ਜਥੇਦਾਰ ਦੀ ਨੁਕਤਾਚੀਨੀ ਕਰਦੇ ਹਨ, ਜਾਂ ਵਿਰੋਧ ਕਰਦੇ ਹਨ ਉਹਨਾਂ ਪ੍ਰਤੀ ਬੇਨਤੀ ਹੈ ਕਿ ਧੀਰਜ ਧਾਰਨ ਕਰ ਕੇ ਸਾਰੀ ਸਥਿਤੀ ਨੂੰ ਗਹੁ ਨਾਲ ਵਿਚਾਰਨ, ਸਾਰੇ ਤਥਾਂ ਦੀ ਤਹਿ ਤਕ ਪੁਜ ਕੇ ਉਹਨਾਂ ਬਾਰੇ ਵਿਚਾਰ ਬਣਾਉਣ ਤੇ ਸਦ-ਭਾਵਨਾ ਨਾਲ ਵਿਚਾਰ-ਵਟਾਂਦਰਾ ਕਰਨ। ਇਸੇ ਤਰ੍ਹਾਂ ਹੀ ਕੁਝ ਉਸਾਰੂ ਨਤੀਜੇ ਨਿਕਲ ਸਕਦੇ ਹਨ। ਨਿਰੀ- ਨੁਕਤਾਚੀਨੀ ਨਾਲ ਜਾਂ ਫ਼ਜ਼ੂਲ ਪ੍ਰਾਪੇਗੰਡਾ ਕਰ ਕੇ ਕਿਸੇ ਨੂੰ ਕੁਝ ਨਹੀਂ ਸਮਝਾਇਆ ਜਾ ਸਕਦਾ। ਬਹੁਤ ਸਾਰਾ ਭਰਮ ਗਲਤ-ਫਹਿਮੀਆਂ ਉਤੇ ਹੀ ਅਧਾਰਤ ਹੁੰਦਾ ਹੈ, ਜੋ ਪਰਸਪਰ ਵਿਚਾਰ-ਵਟਾਂਦਰੇ ਨਾਲ ਦੂਰ ਹੋ ਜਾਂਦਾ ਹੈ। ਵਿਸ਼ਵਾਸ ਰਖ ਕੇ ਪਰਾਇਆਂ ਨੂੰ ਵੀ ਆਪਣੇ ਬਣਾਇਆ ਜਾ ਸਕਦਾ ਹੈ ਅਤੇ ਬੇ-ਵਿਸ਼ਵਾਸੀ ਆਪਣਿਆਂ ਨੂੰ ਵੀ ਪਰਾਏ ਬਣਾਉਣ ਦਾ ਕਾਰਨ ਹੋ ਨਿਬੜਦੀ ਹੈ। ਸੋ ਲੋੜ ਹੈ ਨਿਜੀ ਤਫ਼ੱਰਕਿਆਂ, ਤੰਗ-ਦਿਲੀਆਂ ਨੂੰ ਛਡ ਕੇ ਅਸੀਂ ਵਿਸ਼ਾਲ ਵਿਚਾਰ-ਧਾਰਾ ਅਪਣਾਈਏ ਅਤੇ ਸਿਖੀ ਦੀ ਚੜ੍ਹਦੀ ਕਲਾ ਲਈ ਗੁਰੂ ਪਾਤਸ਼ਾਹ ਦੇ ਹੇਠ ਦਿਤੇ ਉਪਦੇਸ਼ ਨੂੰ ਅਮਲੀ ਰੂਪ ਵਿਚ ਧਾਰਨ ਕਰੀਏ :—

ਹੋਇ ਇਕਤ੍ਰ ਮਿਲਹੁ ਮੇਰੇ ਭਾਈ
ਦੁਬਿਧਾ ਦੂਰਿ ਕਰਹੁ ਲਿਵ ਲਾਇ ॥
ਹਰਿ ਨਾਮੈ ਕੇ ਹੋਵਹੁ ਜੋੜੀ
ਗੁਰਮੁਖਿ ਬੈਸਹੁ ਸਫਾ ਵਿਛਾਇ ॥

[ਬਸੰਤੁ ਮਹਲਾ ੫, ਪੰਨਾ ੧੧੮੫

ਜਦੋਂ ਸਾਰਿਆਂ ਦਾ ਨਿਸ਼ਾਨਾ ਸਾਂਝਾ ਹੈ—"ਸਿਖੀ ਦੀ ਚੜ੍ਹਦੀ ਕਲਾ ਕਰਨੀ"—ਤਾਂ ਫਿਰ ਆਪਸ ਵਿਚ ਕੁੜਿੱਤਣ ਭਰਿਆ ਵਰਤਾਉ ਕਿਉਂ ?

(3) ਨੁਕਤਾ-ਚੀਨ ਤੇ ਵਿਰੋਧੀ ਹਲਕਿਆਂ ਨਾਲ ਅਸਰ ਰਸੂਖ ਰਖਣ ਵਾਲੇ ਗੁਰਮੁਖਿ ਪਿਆਰਿਆਂ ਦੀ ਸੇਵਾ ਵਿਚ ਬਨਤੀ ਹੈ ਕਿ ਉਹ ਆਪਣਾ ਰਸੂਖ ਵਰਤ ਕੇ ਦੋਹਾਂ ਧਿਰਾਂ ਦੀਆਂ ਗਲਤ-ਫਹਿਮੀਆਂ ਦੂਰ ਕਰਨ ਲਈ ਤਾਣ ਲਾਉਣ ਤੇ ਇਸ ਤਰ੍ਹਾਂ ਸਿਖੀ ਦੇ ਪਰਸਾਰ ਲਈ ਅਪਣਾ ਯੋਗ ਦਾਨ ਪਾਉਣ।

ਭੁਲ ਚੁਕ ਲਈ ਦਾਸ ਖਿਮਾ ਦਾ ਜਾਚਿਕ ਹੈ।

---

## ਅਖੰਡ ਕੀਰਤਨੀ ਜੱਥਾ ਯੂ. ਕੇ. (ਰਜਿਸਟ੍ਰਡ) ਦੀ ਨਵੀਂ ਚੋਣ

ਅਖੰਡ ਕੀਰਤਨੀ ਜੱਥਾ ਯੂ. ਕੇ. ਦੀ ਨਵੀਂ ਚੋਣ 18.9.77 ਨੂੰ ਹੇਠ ਲਿਖੇ ਅਨੁਸਾਰ ਹੋਈ—

1. ਭਾਈ ਬੰਤਾ ਸਿੰਘ ਜੀ ਗਾਰਡ, ਆਨਰੇਰੀ ਜਨਰਲ ਸਕੱਤਰ। 2. ਭਾਈ ਸ਼ਿੰਗਾਰਾ ਸਿੰਘ ਜੀ ਨਿਹੰਗ, ਅਸਿਸਟੈਂਟ ਸਕੱਤਰ। 3. ਭਾਈ ਹਰਨਾਮ ਸਿੰਘ ਜੀ ਨੰਦ, ਖ਼ਜ਼ਾਨਚੀ। 4. ਭਾਈ ਹਰਚਰਨ ਸਿੰਘ ਜੀ ਸਾਊਥਹਾਲ, ਮੈਂਬਰ। 5. ਭਾਈ ਜਗਤਾਰ ਸਿੰਘ ਜੀ ਡਰਬੀ, ਮੈਂਬਰ।

ਪ੍ਰਾਰਥਕ ਦਾਸ—ਗੁਰਨਾਮ ਸਿੰਘ, ਆਨਰੇਰੀ ਜਨਰਲ ਸਕੱਤਰ (ਸਾਬਕਾ)

www.AKJ.Org

# ਕੀਰਤਨ ਦੀ ਕਰਾਮਾਤ

ਇਕ ਪਤਰਕਾ ਡਾ: ਦਲਜੀਤ ਸਿੰਘ ਜੀ, ਯੂਨੀਵਰਸਿਟੀ ਆਫ਼ ਬਰਮਿੰਘਮ ਯੂ. ਕੇ. ਵਲੋਂ, ਭਾਈ ਜੀਵਨ ਸਿੰਘ ਜੀ ਦੀ ਯੂ. ਕੇ. ਫੇਰੀ ਬਾਰੇ, ਉਸ ਦੀ ਅਤੀ ਨਿਮਰਤਾ ਬਾਰੇ ਅਤੇ ਸਿਖੀ ਅਸੂਲਾਂ ਤੇ ਡਟ ਕੇ ਪਹਿਰਾ ਦੇਣ ਬਾਰੇ ਪੁਜੀ ਹੈ ਅਤੇ ਫਿਰ ਹੇਠਾਂ ਦਿਤਾ ਲੇਖ ਸਾਊਥਹਾਲ ਇੰਗਲੈਂਡ ਦੇ ਇਕ ਗੁਰਮੁਖ ਵੀਰ ਵਲੋਂ ਪੁਜਾ ਹੈ। ਲੋੜ ਹੈ ਕਿ ਦੇਸਾਂ ਪ੍ਰਦੇਸਾਂ ਵਿਚ ਸਿਖੀ ਦਰਦ ਵਾਲੇ ਨਿਰਲੋਭ ਤੇ ਨਿਰਮਾਣ ਪਰਚਾਰਕ ਪੁਜਣ ਅਤੇ ਗੁਰੂ ਕੀ ਸੇਵਾ ਨੂੰ ਨਿਭਾਉਣ। —ਸੰਪਾਦਕ

ਹਰੀ ਸਿੰਘ ਨਲੂਆ ਮਹਾਰਾਜਾ ਰਣਜੀਤ ਸਿੰਘ ਦਾ ਇਕ ਲਾਸਾਨੀ ਜਰਨੈਲ ਤੇ ਸਿਖ ਰਾਜ ਦੇ ਪਰਮੁਖ ਉਸਰਈਆਂ ਵਿਚੋਂ ਇਕ ਚੋਣਵਾਂ ਸਰਦਾਰ ਸੀ, ਜਿਸ ਦੀ ਛਾਪ ਹਿੰਦੁਸਤਾਨ ਦੇ ਇਤਿਹਾਸ ਤੇ ਸਿਖ ਜਗਤ ਵਿਚ ਅਦੁੱਤੀ ਤੇ ਅਮਿਟ ਅਸਥਾਨ ਰਖਦੀ ਹੈ। ਸਤ ਸੌ ਸਾਲ ਤੋਂ ਮੁਸਲਮਾਨ ਧਾੜਵੀ ਤੇ ਲੁਟੇਰੇ ਹਿੰਦੁਸਤਾਨ ਉਤੇ ਦੱਰਾ ਖ਼ੈਬਰ ਰਾਹੀਂ ਹੱਲੇ ਕਰ ਕੇ, ਇਥੋਂ ਦੀ ਦੌਲਤ ਤੇ ਅਸੁਮਤ ਲਗਾਤਾਰ ਲੁਟਦੇ ਚਲੇ ਆ ਰਹੇ ਸਨ। ਇਹ ਬਹੂ-ਬੇਟੀਆਂ ਨੂੰ ਚੁਕ ਕੇ ਲੈ ਜਾਂਦੇ ਅਤੇ ਹੋਰ ਅਨੇਕਾਂ ਮਰਦਾਂ ਇਸਤ੍ਰੀਆਂ ਨੂੰ ਭੇਡਾਂ ਵਾਂਗ ਹੱਕ ਕੇ ਲੈ ਜਾਂਦੇ ਤੇ ਗੁਲਾਮ ਬਣਾ ਕੇ ਗਜ਼ਨੀ ਦੀਆਂ ਗਲੀਆਂ ਵਿਚ ਨੀਲਾਮ ਕਰਦੇ। ਅਜਿਹੀ ਹੋ ਰਹੀ ਬੇਪਤੀ ਤੇ ਦੁਰਦਸ਼ਾ ਤੇ ਦੇਸ਼ ਦੇ ਅਪਮਾਨ ਦਾ ਨਲੂਏ ਸਰਦਾਰ ਨੇ ਨਾ ਕੇਵਲ ਬਦਲਾ ਹੀ ਲਿਆ ਸਗੋਂ ਸਦੀਆ ਤੋਂ ਚਲੀ ਆ ਰਹੀ ਮਾਰ ਧਾੜ ਦੇ ਵੇਗ ਦੀ ਮੁਹਾਰ ਹੀ ਬਦਲ ਕੇ ਰਖ ਦਿਤੀ ਅਤੇ ਭੂਤਰੀ ਹੋਈ ਬੇਲਗਾਮ ਉੱਮਤ ਨੂੰ ਐਸੀ ਮਾਰ ਮਾਰੀ ਜਿਸ ਨਾਲ ਉਨ੍ਹਾਂ ਦੇ ਮਨ ਇੰਨੇ ਦਹਿਲ ਗਏ ਕਿ ਅਜ ਤਾਈਂ ਪਠਾਣੀਆਂ ਬੱਚਿਆਂ ਨੂੰ ਡਰਾ ਕੇ ਚੁਪ ਕਰਾਉਣ ਲਈ ਇਹ ਮੁਹਾਵਰਾ ਵਰਤਦੀਆਂ ਹਨ—"ਚੁਪ ਸ਼ੋ ਸੁਕਰੂਜ਼ਾ, ਹਰੀਆ ਰਾਗਲੇ ਦੇ।* ਇਸ ਤੋਂ ਸਾਬਤ ਹੁੰਦਾ ਹੈ ਕਿ ਸ: ਹਰੀ ਸਿੰਘ ਨਲੂਏ ਦੀ ਮਾਰ ਨੇ ਪਠਾਣਾਂ ਦੇ ਮਨਾਂ ਵਿਚ ਅਜਿਹੀ ਦਹਿਸ਼ਤ ਬਿਠਾਈ ਕਿ ਨਲੂਏ ਦਾ ਨਾਂ ਹੀ ਉਨ੍ਹਾਂ ਲਈ ਹਊਆ ਬਣ ਗਿਆ ਅਤੇ ਇਹ ਪ੍ਰਭਾਵ ਅਜ ਤਕ ਕਾਇਮ ਹੈ।

ਉਪਰੋਕਤ ਇਤਿਹਾਸਕ ਕ੍ਰਿਸ਼ਮੇ ਤੋਂ ਵੀ ਕਿਤੇ ਵਧੀਕ ਪ੍ਰਭਾਵ-ਸ਼ਾਲੀ ਕਾਰਜ ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਸੰਗਤ ਦੇ ਇਕ ਰੰਗਲੇ ਕੀਰਤਨੀਏ ਨੇ, ਕੀਰਤਨ ਦੀ ਕਰਾਮਾਤ ਰਾਹੀਂ ਅਜੋਕੇ ਯੁਗ ਵਿਚ ਕਰ ਵਿਖਾਇਆ ਹੈ, ਜਿਸ ਦਾ ਅਨੁਮਾਨ ਪੰਜਾਬ-ਵਾਸੀ ਇਸ ਸਮੇਂ ਸ਼ਾਇਦ ਨਾ ਲਾ ਸਕਣ, ਪਰ ਆਉਣ ਵਾਲਾ ਸਮਾਂ ਇਸ ਨੂੰ ਕਾਫ਼ੀ ਉਜਾਗਰ ਕਰੇਗਾ ਤੇ ਨਲੂਏ ਦੀ ਦੇਣ ਨਾਲੋਂ ਕਿਤੇ ਜ਼ਿਆਦਾ ਗੰਭੀਰ ਸਾਬਤ ਹੋਵੇਗਾ।

ਪਛਮੀ ਦੁਨੀਆ ਦੀ ਘੁੱਗ ਵਸੋਂ ਵਿਚ ਅਮਰੀਕਾ ਦਾ ਗਵਾਂਢੀ ਦੇਸ਼ ਕੈਨੇਡਾ ਹੈ, ਜਿਥੋਂ ਦੇ ਡਾਲਰ ਦੀ ਛਣਕਾਰ ਪੰਜਾਬੀਆਂ ਨੂੰ ਪੂਰੀ ਇਕ ਸਦੀ ਤੋਂ ਖਿਚਦੀ ਚਲੀ ਆ ਰਹੀ ਹੈ ਤੇ ਉਥੇ ਵਸਣ ਲਈ ਕਾਮਾਗਾਟਾ ਮਾਰੂ ਜਹਾਜ਼ (ਗੁਰੂ ਨਾਨਕ ਜਹਾਜ਼) ਜਹੇ ਉਪਰਾਲੇ ਬਾਬਾ ਗੁਰਦਿਤ ਸਿੰਘ ਰਾਹੀਂ ਅਜ ਤੋਂ ਸਠ ਸਾਲ ਪਹਿਲਾਂ ਹੁੰਦੇ ਰਹੇ ਹਨ। ਪਰ ਕੈਨੇਡਾ ਸਿੱਖੀ ਦੀ ਸ਼ਮਸ਼ਾਨ-ਭੂਮੀ ਜਾਂ ਦਘਦੀ ਜਵਾਲਾ ਹੀ ਆਖੀ ਜਾ ਸਕਦੀ ਹੈ, ਜਿਥੇ ਪੁਜਣ ਵਾਲੇ ਕਰੀਬਨ ੯੫ ਫ਼ੀ ਸਦੀ ਸਿਖ ਆਪਣੇ ਸਰੂਪ ਨੂੰ ਤਿਲਾਂਜਲੀ ਦੇ ਜਾਂਦੇ ਰਹੇ ਹਨ। ਵੈਨਕੋਵਰ ਕੈਨੇਡਾ ਦੇ ਪਛਮੀ ਕੰਢੇ ਤੇ ਇਕ ਪਰਮੁਖ ਸ਼ਹਿਰ ਹੈ ਤੇ ਏਸ਼ਿਆਈ ਵਸੋਂ, ਵਿਸ਼ੇਸ਼ ਕਰਕੇ ਪੰਜਾਬੀਆਂ ਦਾ ਬਹੁਤਾ ਤੇ ਸਭ ਤੋਂ ਜ਼ਿਆਦਾ ਵਸੇਬਾ ਇਥੇ ਹੀ ਹੈ। ਵੈਨਕੋਵਰ ਦਾ

*ਸੂਰਾ, ਚੁਪ ਕਰ, ਹਰੀਆ ਆ ਗਿਆ ਹੈ।



www.AKJ.Org

ਗੁਰਦਵਾਰਾ ਵੀ ਅਤੀ ਸੁੰਦਰ ਹੈ, ਜਿਹੜਾ ਕਿ ਸੰਸਾਰ ਭਰ ਵਿਚ ਸੁੰਦਰਤਾ ਦੇ ਪੱਖੋਂ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਜੀ ਨਾਲੋਂ ਦੂਜੇ ਦਰਜੇ ਤੇ ਹੈ। ਪਰ ਇਥੋਂ ਦੇ ਪੰਜਾਬੀ ਆਪਣੇ ਆਪ ਨੂੰ ਪੰਜਾਬੀ ਨਹੀਂ, ਸਗੋਂ ਕੈਨੇਡੀਅਨ ਹੀ ਸਮਝਦੇ ਹਨ, ਜਿਹੜੇ ਕਿ ਗੁਰਦਵਾਰੇ ਵਿਚ ਜੁੱਤੀਆਂ ਪਾ ਕੇ ਨੰਗੇ ਸਿਰ ਜਾਂਦੇ ਤੇ ਕੁਰਸੀਆਂ ਤੇ ਬੈਠਦੇ ਹਨ। ਉਹ ਸਿਖ ਅਸੂਲਾਂ ਤੇ ਰਵਾਇਤਾਂ ਦੀ ਉਲੰਘਣਾ ਕਰਨ ਤੇ ਧਰਮ ਦੀ ਰਜ ਕੇ ਮਿੱਟੀ ਪਲੀਤ ਕਰਨ ਵਿਚ ਫ਼ਖ਼ਰ ਮਹਿਸੂਸ ਕਰਦੇ ਹਨ। ਪਿਛੇ ਜਹੇ ਜਦੋਂ ਸ਼ਰੋਮਣੀ ਕਮੇਟੀ ਦੇ ਪਰਧਾਨ ਤੇ ਉਨ੍ਹਾਂ ਦੇ ਸਾਥੀ ਇਧਰ ਯਾਤਰਾ ਤੇ ਆਏ ਸਨ ਤਾਂ ਉਹ ਇਸ ਅਧੋਗਤੀ ਦੀ ਹਾਲਤ ਅੱਖੀਂ ਵੇਖ ਗਏ ਸਨ, ਪਰ ਉਹ ਕਰ ਕੁਝ ਨਹੀਂ ਗਏ।

ਐਸੇ ਅਸਥਾਨ ਵਿਖੇ ਆਪ-ਹੁਦਰੇ ਤੇ ਨਿਘਰੇ ਹੋਏ ਵਾਯੂ-ਮੰਡਲ ਵਿਚ ਗੁਰੂ ਨੇਤ ਨੇ ਇਕ ਗੁਰੂ ਕੇ ਕੀਰਤਨੀਏ ਨੂੰ ਵੀ ਪ੍ਰੇਰ ਕੇ ਲੈ ਆਂਦਾ, ਜਿਸ ਨੇ ਇਲਾਹੀ ਬਾਣੀ ਦੀਆਂ ਅਗੰਮੀ ਤਰਬਾਂ ਤੇ ਮਿੱਠੀਆਂ ਲੋਰੀਆਂ ਰਾਹੀਂ, ਪ੍ਰੇਮ-ਪਿਆਰ ਤੋਂ ਸਖਣੇ ਤੇ ਘੋਰ ਮਨਮਤਾਂ ਵਿਚ ਗ੍ਰਸੇ ਹੋਏ ਪੱਥਰ ਤੇ ਮਨੂਰ ਦਿਲਾਂ ਨੂੰ ਅਜਿਹਾ ਮੋਮ ਕੀਤਾ ਕਿ ਉਹ ਪਿਘਲ ਤੁਰੇ। ਪ੍ਰਧਾਨ ਸ਼ਰੋਮਣੀ ਕਮੇਟੀ ਦੇ ਦੌਰੇ ਸਮੇਂ ਤਾਂ ਇਥੋਂ ਦੇ ਭੂਤਰੇ ਤੇ ਵਿਗੜੇ ਹੋਏ ਪੰਜਾਬੀਆਂ ਨੇ ਮਾਰ-ਕੁਟਾਈ ਵੀ ਵੀ ਕੀਤੀ ਸੀ, ਪਰ ਇਸ ਕੀਰਤਨ ਦੀ ਰੱਬੀ ਦਾਤ ਤੇ ਇਲਾਹੀ ਨਾਦ ਅੱਗੇ ਉਨ੍ਹਾਂ ਨੇ ਆਪਣਾ ਆਪ ਨਿਛਾਵਰ ਕਰ ਦਿਤਾ। ਇਸ ਤਰ੍ਹਾਂ ਪਰਚੰਡ ਜਵਾਲਾ ਦੀ ਮਘਦੀ ਭੱਠੀ "ਖ਼ੁਨਕ ਨਾਮੁ ਖ਼ੁਦਾਇਆ" ਦੇ ਅਸਰ ਨਾਲ ਸ਼ਾਂਤ ਹੋ ਗਈ।

ਗੁਰਮਤਿ ਨਾਮੁ ਅੰਮ੍ਰਿਤ ਜਲੁ ਪਾਇਆ
ਅਗਨਿ ਬੁਝੀ ਗੁਰ ਸਬਦਿ ਬੁਝਈਆ ॥੪॥
(੮॥੧॥੬) [ਬਿਲਾਵਲੁ ਮ: ੪, ਪੰਨਾ ੮੩੪

ਕਹਿੰਦੇ ਨੇ ਕਿ ਇਤਿਹਾਸ ਆਪਣੇ ਆਪ ਨੂੰ ਦੁਹਰਾਉਂਦਾ ਹੈ। ਆਤਮ-ਹੁਲਾਸ ਦੇ ਖੇੜਿਆਂ ਦਾ ਤਜਰਬਾ ਮਨੁੱਖਤਾ ਦੇ ਇਤਿਹਾਸ ਵਿਚ ਅਨੇਕਾਂ ਵਾਰ ਉਪਲਭਦ ਹੁੰਦਾ ਰਹਿੰਦਾ ਹੈ। ਇਸ ਨੂੰ ਅਨਭਵੀ ਅੱਖ ਹੀ ਦ੍ਰਿਸ਼ਟਮਾਨ ਦਾ ਰੂਪ ਧਾਰਨ ਕਰਾਉਂਦੀ ਤੇ ਉਜਾਗਰ ਕਰਦੀ ਰਹਿੰਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਬਗ਼ਦਾਦ ਦੇ ਤੁਅੱਸਬ-ਗੜ੍ਹ ਵਿਚ ਜਦੋਂ ਗਏ ਤਾਂ ਇਕ ਕਬਰਿਸਤਾਨ ਵਿਚ ਉਤਾਰਾ ਕੀਤਾ। ਇਕ ਅਸਚਰਜ ਬਾਂਗ ਦਿਤੀ, ਤੇ ਸਾਰੀ ਨਗਰੀ ਸੁੰਨ ਮੁੰਨ ਭਈ। ਪਰ ਜਦੋਂ ਕੀਰਤਨ ਦੀਆਂ ਇਲਾਹੀ ਤਰਬਾਂ ਛੇੜੀਆਂ ਤਾਂ ਉਥੇ ਦੇ ਪੀਰ ਦਸਤਗੀਰ ਜਹਿਆਂ ਨੇ ਸੰਗਸਾਰ ਕਰਨ ਦਾ ਫ਼ਤਵਾ ਦੇ ਦਿਤਾ। ਕੀਰਤਨ ਦੀਆਂ ਅਗੰਮੀ ਤਰਬਾਂ ਨਾਲ ਐਸੀ ਕਲਾ ਵਰਤੀ ਕਿ ਉਹ ਹਥ ਆਪਣੇ ਕਰਮ ਕਰਨੋਂ ਭੁਲ ਗਏ ਅਤੇ ਖੜੇ ਦੇ ਖੜੇ ਹੀ ਰਹਿ ਗਏ। ਪੀਰ ਬਹਿਲੋਲ ਜੇਹੇ ਐਸੇ ਮੋਹਤ ਹੋਏ ਕਿ ਸਦੀਵਕਾਲ ਲਈ ਬਾਬੇ ਦੇ ਹੋ ਗਏ।

ਗੁਰੂ-ਬਾਬੇ ਦੀਆਂ ਕੁਝ ਅਜਿਹੀਆਂ ਰਿਸ਼ਮਾਂ ਦੀ ਬਰਕਤ ਦਾ ਸਦਕਾ ਵੈਨਕੋਵਰ ਟ੍ਰਾਂਟੋ ਦੀਆਂ ਰੂਹਾਂ ਦੇ ਭਾਗ ਉਦੇ ਹੋਏ, ਜੋ ਆ-ਮੁਹਾਰੀਆਂ ਕੁਰਲਾ ਉਠੀਆਂ। 'ਜੀਅ-ਦਾਨ ਦੇ ਭਗਤੀ ਲਾਇਨਿ' ਵਾਲੇ ਆਦੇਸ਼ ਵਿਚ ਆ ਪਰਚੀਆਂ। ਦਸਮੇਸ਼ ਜੀ ਦੀ ਪਰਮੁਖ ਕਰਾਮਾਤ ਅੰਮ੍ਰਿਤ ਦੇ ਬਾਟੇ ਦੀ ਘਾਲ ਚੋਂ ਖ਼ਾਲਸੇ ਦੀ ਸਿਰਜਨਾ ਵਾਲਾ ਦ੍ਰਿਸ਼ ਸਾਂਗੋ ਪਾਂਗ ਆ ਪੇਸ਼ ਹੋਇਆ। ਉਹ ਰੂਹਾਂ ਕੀਰਤਨੀ-ਧੁਨੀ ਦੁਆਰਾ "ਸਾਧ ਸੰਗਤਿ ਮਿਲਿ ਮੂਆ ਜੀਜੈ"* ਦੀ ਖੇਡ ਦਾ ਪਰਤੱਖ ਸਬੂਤ ਪੇਸ਼ ਕਰਦੀਆਂ, ਗੁਰੂ ਦਰੋਂ ਵਰੋਸਾਏ ਹੋਏ ਕੀਰਤਨੀਏ ਪਾਸ, ਦਸਮੇਸ਼ ਜੀ ਦੀ ਕਰਾਮਾਤ ਉਜਾਗਰ ਕਰਨ ਦੀਆਂ ਜੋਦੜੀਆਂ ਕਰਨ ਲੱਗੀਆਂ।

ਸਾਨੂੰ ਤਾਂ ਓਦੋਂ ਹੀ ਪਤਾ ਲੱਗਾ ਜਦ ਛੇ ਹਜ਼ਾਰ ਮੀਲ ਦੂਰ, ਸਾਊਥਹਾਲ ਲੰਡਨ ਤੋਂ ਗੁਰੂ-ਵਰੋਸਾਏ ਦੋ ਸਿੰਘਾਂ ਨੂੰ ਉਡਾਣ ਕਰ ਕੇ ਵੈਨਕੋਵਰ ਵਿਖੇ ਹੋ ਰਹੇ ਅੰਮ੍ਰਿਤ-ਸਿੰਚਾਰ ਦੀ ਸੇਵਾ ਵਿਚ ਪੁਜਣ ਦੇ ਸੱਦਾ ਪੱਤਰ ਆ ਗਏ। ਅੰਮ੍ਰਿਤ-ਸਿੰਚਾਰ ਸਮਾਗਮ ਚੜ੍ਹਦੀਆਂ ਕਲਾਂ ਵਿਚ ਹੋਏ।

*ਧਨਾਸਰੀ ਮ: ੫, ਰਹਾਉ (੨॥੨॥੪੫) ਪੰਨਾ ੬੮੩



www.AKJ.Org

੯੫ ਪ੍ਰਾਣੀ ਵੈਨਕੋਵਰ ਤੇ ੩੫ ਪ੍ਰਾਣੀ ਟ੍ਰਾਂਟੋ ਵਿਖੇ ਅੰਮ੍ਰਿਤ ਛਕ ਕੇ ਜਹਾਜ਼ੇ ਚੜ੍ਹੇ । ਉਨ੍ਹਾਂ ਵਿਚ ਪੰਜਾਹ ਦੇ ਕਰੀਬ ਬੀਬੀਆਂ ਸਨ, ਜਿਨ੍ਹਾਂ ਸਭਨਾਂ ਨੇ ਕੇਸਕੀ ਰਹਿਤ ਧਾਰਨ ਕੀਤੀ । ਉਨ੍ਹਾਂ ਲਈ ਕੇਸਕੀਆਂ ਸਾਊਥਹਾਲ ਤੋਂ By Air (ਹਵਾਈ ਜਹਾਜ ਰਾਹੀਂ) ਭੇਜਣੀਆਂ ਪਈਆਂ ।

ਇਸ ਛੋਟੀ ਜਹੀ ਘਟਨਾ ਦਾ ਅਨੁਮਾਨ ਅਜ ਦੀ ਲੀਡਰਸ਼ਿਪ ਤੇ ਐਸ-ਪ੍ਰਸਤ ਮਾਇਆ ਦੀ ਖ਼ੁਮਾਰੀ ਵਿਚ ਲੀਨ ਸਿਖ ਲਈ ਲਾਉਣਾ ਕਠਨ ਹੀ ਨਹੀਂ, ਬਲਕਿ ਅਸੰਭਵ ਹੈ; ਕਿਉਂਕਿ ਸਿੱਖੀ ਨੂੰ ਲਗ ਰਹੀ ਢਾਹ ਦੇ ਉਹ ਕਿਸੇ ਹਦ ਤਕ ਆਪ ਹੀ ਜ਼ਿਮੇਵਾਰ ਹਨ । ਧਰਮ-ਪਰਚਾਰ ਦਾ ਉਨ੍ਹਾਂ ਕੋਲ ਕੋਈ ਪ੍ਰੋਗਰਾਮ ਨਹੀਂ, ਸਿਵਾਏ ਮਾਇਆ ਇਕੱਤਰ ਕਰਨ ਦੇ । ਉਨ੍ਹਾਂ ਨੇ ਤਾਂ ਧਰਮ-ਅਸਥਾਨਾਂ ਨੂੰ ਵੀ ਬੈਂਕ ਦਾ ਰੂਪ ਹੀ ਦੇ ਦਿਤਾ ਹੈ, ਜਿਥੇ ਕਿ ਉਹ ਕੇਵਲ ਮਾਇਆ ਇਕੱਤਰ ਕਰਨ ਜਾਂਦੇ ਹਨ। ਇਥੇ ਪਰਦੇਸਾਂ ਵਿਚ ਵੀ ਉਹ ਆਪਣੇ ਜੱਥੇ ਮਾਇਆ ਇਕੱਠੀ ਕਰਨ ਲਈ ਹੀ ਧੜਾ ਧੜ ਭੇਜਦੇ ਰਹਿੰਦੇ ਹਨ । ਇਕ ਜੱਥਾ ਮੁੜਦਾ ਹੈ, ਤੇ ਉਸ ਦੇ ਮੁੜਨ ਤੋਂ ਪਹਿਲਾਂ ਹੀ ਦੂਜਾ ਤਿਆਰ ਰਖਿਆ ਹੁੰਦਾ ਹੈ। ਉਨ੍ਹਾਂ ਦਾ ਨਿਸ਼ਾਨਾ ਤੇ ਮੰਤਵ ਕੇਵਲ ਮਾਇਆ ਦੇ ਗਫੇ ਸਾਂਭਣੇ ਹੀ ਹੈ, ਸੇਵਾ ਸੰਭਾਲ ਜਾਂ ਪਰਚਾਰ ਨਹੀ । ਜੇ ਉਹ ਗੁਰ-ਸ਼ਬਦ ਕੀਰਤਨ ਵੀ ਕਰਦੇ ਹਨ ਤਾਂ ਉਨ੍ਹਾਂ ਦੀ ਅਪੀਲ ਤੇ ਸਾਰਾ ਜ਼ੋਰ ਕਮਰਿਆਂ ਲਈ ਮਾਇਆ ਉਗਰਾਉਣ ਤੇ ਹੀ ਲਗਦਾ ਹੈ ।

ਭਾਈ ਜੀਵਨ ਸਿੰਘ ਨੇ ਇਥੇ ਪਰਦੇਸਾਂ ਵਿਚ ਆਪਣੀ ਨਿਰਮਾਣਤਾ ਤੇ ਨਿਰਲੋਭਤਾ ਦੀ ਨਜ਼ੀਰ ਪੇਸ਼ ਕਰਦਿਆਂ ਕੀਰਤਨ-ਛਾਂਦਿਆਂ ਦੀ ਵਰਖਾ ਰਾਹੀਂ ਅਜਿਹਾ ਸਿਖੀ ਪਰਚਾਰ ਕੀਤਾ ਕਿ ਇਥੋਂ ਦਾ ਵਾਤਾ-ਵਰਨ ਹੋਰ ਦਾ ਹੋਰ ਹੋ ਗਿਆ। ਸਿਖੀ ਮਾਰਗ ਤੋਂ ਭੁਲੇ ਹੋਏ ਵਿਛੜੇ ਹੋਏ ਸੌ ਤੋਂ ਵਧ ਪ੍ਰਾਣੀਆਂ ਨੇ ਰਹਿਤ-ਰਹਿਣੀ ਧਾਰਨ ਕਰ ਕੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਅਤੇ ਅਨੇਕਾਂ ਹੀ ਰਹਿਤ-ਰਹਿਣੀ ਵਿਚ ਸੁਰਜੀਤ ਹੋਏ । ਇਹ ਪ੍ਰਭਾਵ ਇਨ੍ਹਾਂ ਦੇਸ਼ਾਂ ਦਾਆਂ ਸਿਖ-ਸੰਗਤਾਂ ਤੇ ਬੜਾ ਡੂੰਘਾ ਪਿਆ ਹੈ ।

ਅੰਤ ਵਿਚ ਅਸੀਂ ਪਰਦੇਸ ਵਾਸੀ ਭਾਈ ਜੀਵਨ ਸਿੰਘ ਜੀ ਨੂੰ ਸਨਿਮਰ ਬੇਨਤੀ ਕਰਦੇ ਹਾਂ ਕਿ ਸਤਿਗੁਰੂ ਦੀ ਬਖ਼ਸ਼ੀ ਹੋਈ ਦਾਤ ਰਾਹੀਂ ਜਿਥੇ ਉਨ੍ਹਾਂ ਨੇ ਇੰਨੀ ਆਯੂ ਗੁਰਸਿਖੀ ਦੀ ਸੇਵਾ ਦੇਸ ਵਿਚ ਕੀਤੀ ਹੈ, ਉਥੇ ਵਧ ਤੋਂ ਵਧ ਸਮਾਂ ਦੇਸੋਂ ਬਾਹਰ ਰੁਲਦੀ ਸਿਖੀ ਦੀ ਸੇਵਾ ਦੇ ਲੇਖੇ ਲਾ ਦੇਣ । ਸੂਰਾ ਪਰਵਾਰ ਦੇ ਸਜਣਾਂ ਅਤੇ ਗੁਰਸਿਖੀ ਦੇ ਆਸ਼ਕਾਂ ਪਾਸ ਸਾਡੀ ਦਰਦ ਭਰੀ ਅਪੀਲ ਹੈ ਕਿ ਜੇ ਆਪ ਨੂੰ ਸਤਿਗੁਰੂ ਪ੍ਰੇਰੇ ਤੇ ਉਤਸ਼ਾਹ ਬਖ਼ਸ਼ੇ ਤਾਂ ਸਮਾਂ ਸਾਧਨ ਬਣਨ ਤੇ ਆਪ ਭੀ ਬਾਹਰ ਨਿਕਲੋ ਅਤੇ ਨਵੀਂ ਪਨੀਰੀ ਨੂੰ ਉਤਸ਼ਾਹ ਬਖ਼ਸ਼ੋ । ਘਟੋ ਘਟ ਭਾਈ ਜੀਵਨ ਸਿੰਘ ਜੀ ਦੀ ਸੇਵਾ ਸਿਖੀ ਦੀ ਪਰਫੁਲਤਾ ਲਈ ਪਰਦੇਸਾਂ ਨੂੰ ਸੌਂਪ ਦਿਓ । ਉਨ੍ਹਾਂ ਦੀ ਅਮਰੀਕਾ ਵਿਚ ਪੁੰਗਰ ਰਹੀ ਸਿਖੀ ਤੇ ਕੈਨੇਡਾ ਦੀ ਜਵਾਲਾ ਮੁਖੀ ਨੂੰ ਅਤੀ ਲੋੜ ਹੈ।

## ਸੰਪਾਦਕੀ–

ਭਾਈ ਜੀਵਨ ਸਿੰਘ ਜੀ ਜਿਥੇ ਸਿਖੀ ਪਰਚਾਰ ਲਈ ਗੁਰਬਾਣੀ ਦੇ ਕੀਰਤਨ ਰਾਹੀਂ ਸੇਵਾ ਕਰਦੇ ਰਹੇ ਹਨ ਉਥੇ ਉਹ ਸੰਗਤਾਂ ਨੂੰ ਅੰਮ੍ਰਿਤ ਪਾਨ ਕਰਨ ਲਈ ਵੀ ਭਰਪੂਰ ਪ੍ਰੇਰਨਾ ਦੇਂਦੇ ਰਹੇ ਹਨ, ਜਿਸ ਦੇ ਫਲ ਸਰੂਪ ਉਥੇ ਅੰਮ੍ਰਿਤ ਸਿੰਚਾਰ ਸਮਾਗਮ ਰਚੇ ਗਏ ਤੇ ਚੜ੍ਹਦੀਆਂ ਕਲਾਂ ਵਿਚ ਨਿਭੇ । ਉਹਨਾਂ ਦੇ ਨਿਜੀ ਆਚਰਣ ਅਤੇ ਸਿਖੀ ਰਹਿਤ ਵਿਚ ਪਰਪਕਤਾ ਦਾ ਅਨੁਮਾਨ ਇਸ ਗੱਲ ਤੋਂ ਭਲੀ ਪਰਕਾਰ ਲਗਦਾ ਹੈ ਕਿ ਉਹਨਾਂ ਨੇ ਗੁਰਦਵਾਰਿਆਂ ਦੇ ਪਤਿਤ ਪ੍ਰਬੰਧਕਾਂ ਦੇ ਹਥੋਂ ਸਿਰੋਪਾ ਲੈਣੋਂ ਇਨਕਾਰ ਕਰ ਦਿਤਾ। ਸਿਖੀ ਨਾਲ ਪਿਆਰ ਕਰਨ ਵਾਲੀਆਂ ਸੰਗਤਾਂ ਦੇ ਚਰਨਾਂ ਵਿਚ ਇਹ ਦੂਲੇਸ਼ਰ ਵੀਰ ਨਿਰਮਾਣ ਹੋ ਕੇ ਲੇਟਦਾ ਫਿਰਿਆ ਤੇ ਆਪਾ ਨਿਛਾਵਰ ਕਰਦਾ ਫਿਰਿਆ ।

ਇਤਿਹਾਸ ਗਵਾਹ ਹੈ ਕਿ ਅਜਿਹੇ ਬੇਲਾਗ, ਬੇਦਾਗ ਅਤੇ ਨਿਧੜਕ ਪ੍ਰਚਾਰਕਾਂ ਨੂੰ ਕਈ ਵਾਰੀ


www.AKJ.Org

ਬੜੀਆਂ ਕਠਨਾਈਆਂ ਦਾ ਸਾਮ੍ਹਣਾ ਕਰਨਾ ਪੈਂਦਾ ਹੈ। ਕਈ ਵਾਰੀ ਖ਼ੁਸ਼ਾਮਦ-ਪਸੰਦ ਅਤੇ ਮਾਇਆ ਦੇ ਲੋਭੀ ਪ੍ਰਬੰਧਕ ਵੀ ਅਜਿਹੇ ਪ੍ਰਚਾਰਕਾਂ ਦੇ ਵਿਰੋਧੀ ਹੋ ਜਾਂਦੇ ਹਨ। ਕਈ ਹੋਰ ਵਿਅਕਤੀ ਅਜਿਹੇ ਪ੍ਰਚਾਰਕਾਂ ਦੀ ਸੋਭਾ ਵੇਖ ਕੇ ਸਹਾਰ ਨਹੀਂ ਸਕਦੇ ਤੇ ਈਰਖਾ-ਵਸ ਹੋ ਕੇ ਵਿਰੋਧ ਕਰਨਾ ਅਰੰਭ ਦਿੰਦੇ ਹਨ। ਦੂਜੇ ਧਰਮਾਂ ਦੇ ਮੁਖ-ਅਧਿਕਾਰੀ ਵੀ ਕਦੀ ਬਰਦਾਸ਼ਤ ਨਹੀਂ ਕਰ ਸਕਦੇ ਕਿ ਬਾਹਰਲੇ ਦੇਸ਼ ਵਿਚੋਂ ਕੋਈ ਮਿਸ਼ਨਰੀ ਉਹਨਾਂ ਦੀ ਭੂਮੀ ਵਿਚ ਆਪਣੇ ਧਰਮ ਦਾ ਪਰਚਾਰ ਕਰ ਕੇ ਏਨਾ ਪ੍ਰਤਿਸ਼ਟ ਹੋ ਜਾਵੇ ਕਿ ਉਹਨਾਂ ਧਰਮਾਂ ਦੇ ਧਾਰਨੀ ਵੀ ਉਸਦੇ ਧਰਮ ਵਲ ਪ੍ਰੇਰੇ ਜਾਣ।

ਸੋ ਸੰਭਵ ਹੈ ਕਿ ਭਾਈ ਜੀਵਨ ਸਿੰਘ ਜੀ ਨੂੰ ਵੀ ਕੁਝ ਅਜਿਹੇ ਅਨਸਰਾਂ ਵਲੋਂ ਮੁਸ਼ਕਲਾਂ ਸਾਮ੍ਹਣੇ ਆਈਆਂ ਹੋਣ ਜਾਂ ਆਉਣ ! ਪਰ ਨਿਸਚਾ ਹੈ ਕਿ ਭਾਈ ਸਾਹਿਬ, ਗੁਰੂ ਮੇਹਰ ਸਦਕਾ, ਆਪਣੇ ਆਚਰਣ ਦੀ ਪ੍ਰਪੱਕਤਾ, ਅਤੇ ਧਰਮ ਪਰਚਾਰ ਦੀ ਅਗੰਮੀ ਲਗਨ ਦੇ ਆਧਾਰ ਤੇ ਇਸ ਸੇਵਾ ਨੂੰ ਜਾਰੀ ਰਖ ਕੇ 'ਸਫਲ ਸਫਲ ਭਈ ਸਫਲ ਜਾਤ੍ਰਾ'* ਮਈ ਗੁਰ-ਅਸੀਸ ਦੇ ਪਾਤਰ ਬਣਨ ਦਾ ਉਪ੍ਰਾਲਾ ਜਾਰੀ ਰਖਣਗੇ। ਗੁਰਮਤਿ ਦੇ ਹਿਤੈਸ਼ੀ ਤੇ ਸਿਖੀ ਦੀ ਚੜ੍ਹਦੀ ਕਲਾ ਦੇ ਇਛੱਕ ਸਮੂਹ ਗੁਰਸਿਖਾਂ ਵਲੋਂ ਉਹਨਾਂ ਨੂੰ ਇਸ ਕਾਰਜ ਵਿਚ ਸਦਾ ਹੀ ਹਰ ਤਰ੍ਹਾਂ ਦਾ ਸਹਿਯੋਗ ਮਿਲਦਾ ਰਵ੍ਹੇਗਾ। ਸੋ ਅੰਤ ਵਿਚ ਗੁਰਬਾਣੀ ਦੀ ਦੁਪੰਗਤੀ ਇਸ ਕਾਰਜ ਵਿਚ ਹਲਾ-ਸ਼ੇਰੀ ਲਈ ਦੇ ਕੇ ਇਸ ਲੇਖ ਦੀ ਸਮਾਪਤੀ ਕਰਦਾ ਹਾਂ :—

ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ ॥
ਨਾਨਕ ਸਿਝਿ ਇਵੇਹਾ ਵਾਰ ਬਹੁੜਿ ਨ ਹੋਵੀ ਜਨਮੜਾ ॥ ੧ ॥ (੭)

[ਡਖਣੇ ਮ: ੫, ਪੰਨਾ ੧੦੯੬

ਗੁਰੂ ਪਾਤਸ਼ਾਹ ਸਦਾ ਅੰਗ ਸੰਗ ਹੈ।

*ਧਨਾਸਰੀ ਮ: ੫ ਅਸਟਪਦੀ, ਪੰਨਾ,੬੮੭

## ਅਖੰਡ ਕੀਰਤਨੀ ਜੱਥਾ ਯੂ. ਕੇ. ਵੱਲੋਂ ਗੁਰਮਤਾ

ਅਖੰਡ ਕੀਰਤਨੀ ਜੱਥਾ ਯੂ. ਕੇ. ਰਜਿਸਟ੍ਰਡ ਦੇ ਸਿੰਘਾਂ ਵਲੋਂ ਗੁਰਦਵਾਰਾ 8. S T. MARKS ROAD, BRISTOL ਵਿਖੇ 22-10-77 ਦੇ ਰੈਣ ਸਬਾਈ ਕੀਰਤਨ ਅਤੇ 23-10-77 ਦੇ ਦੀਵਾਨ ਸਮੇਂ ਸਰਬ ਸੰਮਤੀ ਨਾਲ ਇਹ ਗੁਰਮਤਾ ਪਾਸ ਹੋਇਆ—

ਅਜ ਦਾ ਸਮਾਗਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਸ਼ੁਧ ਤੇ ਬੇਅਦਬੀ ਭਰੇ ਢੰਗ ਨਾਲ ਹੋ ਰਹੀ ਛਪਾਈ ਬਾਰੇ ਦੁਖ ਪਰਗਟ ਕਰਦਾ ਹੋਇਆ ਸ਼੍ਰੋਮਣੀ ਗੁ: ਪ੍ਰ: ਕਮੇਟੀ ਪਾਸ ਸਨਿਮਰ ਬੇਨਤੀ ਕਰਦਾ ਹੈ ਕਿ ਇਹ ਪ੍ਰਮੁਖ ਸੰਸਥਾ ਗੁਰਬਾਣੀ ਦੇ ਸ਼ੁੱਧ ਛਪਾਉਣ ਤੇ ਪਰਚਾਰਨ ਦੀ ਆਪਣੀ ਅਸਲੀ ਜਿਮੇਵਾਰੀ ਸੱਚੇ ਦਿਲੋਂ ਅਨਭਵ ਕਰੇ। ਗੁਰਦੁਆਰਾ ਐਕਟ ਵਿਚ ਫ਼ੌਰੀ ਤੌਰ ਤੇ ਤਰਮੀਮ ਕਰਵਾ ਕੇ ਇਕ ਧਾਰਾ ਅਜਿਹੀ ਸ਼ਾਮਲ ਕੀਤੀ ਜਾਵੇ, ਜਿਸ ਰਾਹੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪਾਵਨ ਬੀੜਾਂ ਅਤੇ ਗੁਰਬਾਣੀ ਦੀ ਛਪਾਈ ਦਾ ਹੱਕ ਕੇਵਲ ਸ਼੍ਰੋਮਣੀ ਗੁ: ਪ੍ਰ: ਕਮੇਟੀ ਨੂੰ ਹੀ ਹਾਸਲ ਹੋਵੇ, ਤਾਂ ਜੁ ਵਪਾਰੀ ਤੇ ਮੁਨਾਫ਼ਾਖ਼ੋਰ ਪ੍ਰਕਾਸ਼ਕਾਂ ਵਲੋਂ ਅਸ਼ੁੱਧ ਛਪਾਈ (ਬੇਅਦਬਾਨਾ ਢੰਗ ਨਾਲ ਕੀਤੀ ਜਾ ਰਹੀ) ਅਤੇ ਮਨ ਮਾਨੀ ਮੁਨਾਫ਼ਾਖ਼ੋਰੀ ਤੋਂ ਛੁਟਕਾਰਾ ਪਾਇਆ ਜਾ ਸਕੇ ਅਤੇ ਸ਼ਰਧਾਵਾਨ ਸਜਣਾ ਨੂੰ ਬਿਨਾਂ ਮੋਖ ਮਿਲ ਸਕੇ।

Banta Singh Guard, Hony. Gen. Secretary, Akhand Kirtani Jatha
12, Hartington Road, LOZELLS, Birmingham 19, Phone : 21-554-7280



www.AKJ.Org

# ਭਗਉਤੀ ਪਦ-ਅਰਥ ਨਿਰਣਯ

[ਵਲੋਂ :—ਗਿ: ਹਰਬੰਸ ਸਿੰਘ ਜੀ, ਚੰਡੀਗੜ੍ਹ]

ਹਿੰਦੂ ਧਰਮ ਵਿੱਚ 'ਭਗਵਤੀ' ਅਤੇ ਸਿੱਖ ਧਰਮ ਵਿੱਚ 'ਭਗਉਤੀ' (ਭਗੌਤੀ) ਪਦ ਵਿਭਿੰਨ ਭਾਵਾਂ ਵਿੱਚ ਪ੍ਰਸਿੱਧ ਹਨ। ਜਿਵੇਂ ਇਨ੍ਹਾਂ ਦਾ ਸ਼ਬਦ ਜੋੜ ਵੱਖਰਾ ਹੈ ਤਿਵੇਂ ਉਚਾਰਨ ਵੀ ਆਪੋ ਆਪਣਾ ਹੈ। ਜਿਵੇਂ ਕਿਸੇ ਸਿੱਖ-ਧਰਮ-ਅਨੁਆਈ ਦੀ ਜ਼ਬਾਨ ਤੋਂ 'ਭਗਉਤੀ' ਪਦ ਦਾ ਉਚਾਰਨ 'ਭਗਵਤੀ' ਨਹੀਂ ਨਿਕਲਦਾ ਤਿਵੇਂ ਕਿਸੇ ਹਿੰਦੂ ਵੀਰ ਦੇ ਮੂੰਹੋਂ 'ਭਗਵਤੀ' ਦਾ ਉਚਾਰਨ 'ਭਗਉਤੀ' ਸੁਣਨ ਵਿੱਚ ਨਹੀਂ ਮਿਲੇਗਾ। ਇਨ੍ਹਾਂ ਦੋਹਾਂ ਸ਼ਬਦਾਂ ਦਾ ਸਰੂਪ ਅਤੇ ਉਚਾਰਨ ਵੱਖਰਾ ਵੱਖਰਾ ਹੋਣ ਦੇ ਨਾਲ ਨਾਲ ਇਨ੍ਹਾਂ ਦੋਹਾਂ ਦੇ ਅਰਥਾਂ ਵਿੱਚ ਵੀ ਅੰਤਰ ਹੈ। ਹਿੰਦੂ ਧਰਮ ਵਿੱਚ 'ਭਗਵਤੀ' ਪਦ ਇਕ ਵਿਸ਼ੇਸ਼ ਦੇਵੀ ਦਾ ਪ੍ਰਤੀਕ ਹੈ; ਜਿਵੇਂ ਕਿ ਕਾਲਕਾ, ਦੁਰਗਾ, ਦੇਵੀ ਆਦਿ, ਜਿਨ੍ਹਾਂ ਦੀ ਮੂਰਤੀ ਬਣਾ ਕੇ ਸਰਗੁਣ ਰੂਪ ਵਿੱਚ, ਪੂਜਾ ਕੀਤੀ ਜਾਂਦੀ ਹੈ; ਪਰ ਸਿੱਖ ਧਰਮ ਵਿੱਚ 'ਭਗਉਤੀ' ਪਦ ਅਕਾਲ ਪੁਰਖ ਅਥਵਾ ਨਾਮ-ਸੱਤਾ ਦਾ ਲਖਾਇਕ ਹੈ।

ਗੁਰ ਸ਼ਬਦ ਰਤਨਾਕਰ (ਮਹਾਨ ਕੋਸ਼) ਰਚਿਤ ਭਾਈ ਕਾਨ੍ਹ ਸਿੰਘ ਜੀ ਨਾਭਾ ਦੇ ਪੰਨਾ ੬੭੪-੭੫ ਉਤੇ 'ਭਗਉਤੀ' ਪਦ ਦੇ ਹੇਠ ਲਿਖੇ ਛੇ ਅਰਥ ਅੰਕਤ ਹਨ :—

> ''ਭਗਵਤ-ਭਕਤ, ਕਰਤਾਰ ਦਾ ਉਪਾਸ਼ਕ—'ਸੋ ਭਗਉਤੀ ਜੋ ਭਗਵੰਤੈ ਜਾਣੈ॥ ਗੁਰਪਰਸਾਦੀ ਆਪੁ ਪਛਾਣੈ ॥ ਧਾਵਤੁ ਰਾਖੈ ਇਕਤੁ ਘਰਿ ਆਣੈ ॥ ਜੀਵਤ ਮਰੈ ਹਰਿਨਾਮੁ ਵਖਾਣੈ ॥ ਐਸਾ ਭਗਉਤੀ ਉਤਮੁ ਹੋਇ ॥ ਨਾਨਕ ਸਚਿ ਸਮਾਵੈ ਸੋਇ' (ਮਹਲਾ ੩ ਵਾਰ ਸ੍ਰੀ)। 'ਸਾਧਸੰਗਿ ਪਾਪਾਂ ਮਲੁ ਧੋਵੈ ॥ ਤਿਸ ਭਗਉਤੀ ਕੀ ਮਤਿ ਊਤਮ ਹੋਵੈ (ਸੁਖਮਨੀ)'। ੨. ਭਗਵਤ ਦੀ—'ਭਗਉਤੀ ਮੁਦ੍ਰਾ, ਮਨੁ ਮੋਹਿਆ ਮਾਇਆ' (ਪ੍ਰਭਾਤੀ ਮ: ੫)। ਪਰਮੇਸਰ ਦੇ ਭੇਖ ਦੀ ਮੁਦ੍ਰਾ ਹੈ, ਪਰ ਮਨ ਮਾਇਆ ਮੋਹਿਆ। ੩. ਭਗਵਤੀ ਦੁਰਗਾ ਦੇਵੀ, 'ਵਾਰ ਸ੍ਰੀ ਭਗਉਤੀ ਜੀ ਕੀ' (ਚੰਡੀ ੩)। ਖੜਗ, ਸ੍ਰੀ ਸਾਹਿਬ, ਤਲਵਾਰ—'ਲਈ ਭਗਉਤੀ ਦੁਰਗਸ਼ਾਹ'—(ਚੰਡੀ ੩)-'ਲਏ ਭਗਉਤੀ ਨਿਕਸ ਹੈ ਆਪ ਕਲੰਕੀ ਹਾਥ' (ਸਨਾਮਾ)। 'ਨਾਉ ਭਗਉਤੀ ਲੋਹ ਘੜਾਇਆ' (ਭਾਗੁ)। ੫. ਮਹਾ ਕਾਲ[੧]—ਪ੍ਰਿਥਮ ਭਗਉਤੀ ਸਿਮਰ ਕੈ' (ਚੰਡੀ ੩)। ੬. ਇਕ ਛੰਦ—ਕਈ ਥਾਈਂ 'ਸ੍ਰੀ ਭਗਵਤੀ' ਵੀ ਇਸ ਛੰਦ ਦਾ ਨਾਮ ਹੈ।''

ਭਾਵੇਂ 'ਭਗਉਤੀ' ਪਦ ਦੇ ਅਰਥਾਂ ਬਾਰੇ ਪਿਛੇ ਕਈ ਵਰ੍ਹੇ ਵਾਦ-ਵਿਵਾਦ ਚਲਦਾ ਰਿਹਾ, ਪ੍ਰੰਤੂ ਗੁਰਮਤਿ ਨਿਰਣਾ ਹੋਣ ਮਗਰੋਂ ਇਹ ਮੁਆਮਲਾ ਸਦਾ ਲਈ ਠੱਪ ਦਿੱਤਾ ਗਿਆ ਸੀ, ਪਰ ਹੁਣ ਗਿਆਨੀ ਭਾਗ ਸਿੰਘ ਜੀ ਅੰਬਾਲਾ ਨੇ 'ਦਸਮ ਗ੍ਰੰਥ ਨਿਰਣੈ' ਪੁਸਤਕ ਲਿਖ ਕੇ ਇਹ ਮਾਮਲਾ ਨਵੇਂ ਸਿਰਿਓਂ ਖੜਾ ਕਰ ਦਿੱਤਾ ਹੈ। ਆਪ ਨੇ ਆਪਣੀ ਪੁਸਤਕ ਦੇ ਪੰਨਾ ੯੪ ਉਤੇ ਲਿਖਿਆ ਹੈ ਕਿ-

> ''ਭਗਉਤੀ ਦਾ ਅਰਥ '**ਅ**ਕਾਲ ਪੁਰਖ' ਤਾਂ ਉਕਾ ਹੀ ਨਹੀਂ ਹੋ ਸਕਦਾ। ਕਾਰਣ ਇਹ ਕਿ ਇਸ ਅਰਥ ਦੀ ਪ੍ਰੋੜ੍ਹਤਾ ਹਿਤ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, ਬਲਕਿ 'ਦਸਮ ਗ੍ਰੰਥ' ਵਿਚੋਂ ਵੀ ਕੋਈ ਠੋਸ ਪ੍ਰਮਾਣ ਨਹੀਂ ਮਿਲਦਾ। ਤੇ ਨਾ ਹੀ ਕਿਸੇ ਪ੍ਰਮਾਣਿਕ ਗ੍ਰੰਥਅਥਵਾ ਸ਼ਬਦ ਕੋਸ਼ ਆਦਿਕ ਵਿੱਚੋਂ ਭਗੌਤੀ ਦਾ ਅਰਥ ਅਕਾਲ ਪੁਰਖ ਲਿਖਿਆ ਮਿਲਦਾ ਹੈ। ਫਿਰ ਇਸੇ ਵਾਰ ਦੇ ਸਿਰਲੇਖ ਵਿੱਚ 'ਸ੍ਰੀ ਭਗਉਤੀ ਜੀ ਸਹਾਇ' ਅਤੇ ਵਾਰ ਸ੍ਰੀ 'ਭਗਉਤੀ' ਜੀ ਕੀ ਤਥਾ 'ਪ੍ਰਥਮ 'ਭਗਉਤੀ' ਸਿਮਰ ਕੈ ਤਿੰਨ ਵਾਰੀ 'ਭਗਉਤੀ' ਸ਼ਬਦ ਦੀ ਵਰਤੋਂ ਸੁਤੇ ਹੀ ਇਹ ਨਿਸਚਾ ਕਰਾਉਂਦੀ ਹੈ ਕਿ ਚਲਦੇ ਪ੍ਰਕਰਣ ਅਨੁਸਾਰ ਇਥੇ 'ਭਗਉਤੀ' ਦਾ ਅਰਥ ਦੁਰਗਾ ਤੋਂ ਬਿਨਾਂ 'ਅਕਾਲ ਪੁਰਖ' ਆਦਿਕ ਹੋਰ ਕੋਈ ਨਹੀਂ ਹੋ ਸਕਦਾ।''

 www.AKJ.Org

ਇਸ ਬਾਰੇ ਗਿਆਨੀ ਮਹਾਂ ਸਿੰਘ ਜੀ ਨੇ ਖ਼ਾਲਸਾ ਸਮਾਚਾਰ ਮਿਤੀ ੧ -੧੦-੭੬ ਦੇ ਪਰਚੇ ਵਿੱਚ ਗਿ: ਭਾਗ ਸਿੰਘ ਜੀ ਵੱਲੋਂ ਕੀਤੇ ਨਿਰਣਿਆਂ ਤੇ ਚੰਗੀ ਟੀਕਾ-ਟਿੱਪਣੀ ਕੀਤੀ ਸੀ, ਪਰ ਮੁੜ ਗਿਆਨੀ ਭਾਗ ਸਿੰਘ ਜੀ ਨੇ 'ਦਸਮ ਗ੍ਰੰਥ ਬਾਰੇ ਸ਼ੰਕਿਆਂ ਦੇ ਉਤਰ' ਦੇ ਸਿਰਲੇਖ ਹੇਠਾਂ 'ਗੁਰਮਤਿ ਮਿਸ਼ਨਰੀ' (ਮਾਸਕ ਪੱਤਰ ਫਰਵਰੀ, ੧੯੭੭) ਦੇ ਪੰਨਾ ੨੦-੨੪ ਉਤੇ 'ਭਗਉਤੀ' ਪਦ ਦੇ ਕੋਸ਼-ਅਰਥਾਂ ਨੂੰ ਲੈ ਕੇ ਇਹ ਉਤਰ ਦਿੱਤਾ—

"ਉਕਤ ਛਿਆਂ ਅਰਥਾਂ ਵਿਚੋਂ ਕੋਈ ਇਕ ਅਰਥ ਵੀ ਅਜਿਹਾ ਨਹੀਂ ਜਿਸ ਨੇ ਕਿ ਗਿਆਨੀ ਮਹਾਂ ਸਿੰਘ ਜੀ ਦੀ ਪੱਖ-ਪੁਸ਼ਟੀ ਹਿਤ ਭਗੌਤੀ ਪਦ ਦਾ ਅਰਥ ਅਕਾਲ ਬੋਧਕ ਦਰਸਾਯਾ ਹੋਵੇ। ਉਤੇ ਆਇਆ ਭਗਉਤੀ ਦਾ ਪੰਜਵਾਂ ਅਰਥ ਭਾਈ ਕਾਹਨ ਸਿੰਘ ਜੀ ਨਾਭਾ ਨੇ ਮਹਾਨ ਕੋਸ਼ ਵਿੱਚ 'ਮਹਾਂ ਕਾਲ' ਕੀਤਾ ਹੈ, 'ਅਕਾਲ ਪੁਰਖ' ਨਹੀਂ ਕੀਤਾ।"

ਗਿਆਨੀ ਭਾਗ ਸਿੰਘ ਜੀ ਆਪਣੇ ਆਪ ਨੂੰ ਪ੍ਰਸਿੱਧ ਪੰਥਕ ਵਿਦਵਾਨ ਸਮਝਦੇ ਹਨ, ਪਰ ਆਪ ਜੀ ਦੀ ਅਰਥ ਵੇਖਣ ਵਾਲੀ ਕੋਸ਼-ਕਸਵੱਟੀ ਅਤੇ ਯੋਗਤਾ ਤੋਂ ਸਦਕੇ ਜਾਈਏ। ਕਿੰਨਾ ਚੰਗਾ ਹੁੰਦਾ ਜੇ ਆਪ ਆਪਣੇ ਪੱਖ ਦੀ ਪ੍ਰੋੜ੍ਹਤਾ ਹਿਤ ਪਹਿਲਾਂ ਭਾਸ਼ਾ ਵਿਭਾਗ ਦੇ ਅਧਿਕਾਰੀਆਂ ਨੂੰ ਮਿਲਦੇ ਜਿਨ੍ਹਾਂ ਨੇ 'ਭਗਉਤੀ' ਪਦ ਦਾ ਪੰਜਵਾਂ ਅਰਥ 'ਮਹਾਂਕਾਲ' ਕਰਨ ਵੇਲੇ ਇਸੇ ਪਦ ਉਤੇ '੧' ਅੰਕ ਦਾ ਸੰਕੇਤ ਦਿੱਤਾ ਹੈ ਜਿਸ ਦਾ ਭਾਵ ਹੈ ਕਿ ਇਸ ਪਦ ਦਾ ਅਰਥ ਵਾਚਣ ਲਈ ਦੇਖੋ ਮਹਾਂਕਾਲ ਪਦ ਦਾ '੧' ਅੰਗ ਜੋ ਕਿ "ਪ੍ਰਿਥਮ ਭਗਉਤੀ ਸਿਮਰਿ ਕੈ ..." ਵਾਲੀ ਪੰਕਤੀ ਵਿੱਚ ਆਏ 'ਭਗਉਤੀ' ਪਦ ਨਾਲ ਸਬੰਧਤ ਹੈ, ਪਰ ਇਸ ਨੂੰ 'ਦੀਵੇ ਥੱਲੇ ਹਨੇਰਾ' ਕਹਿਣ ਤੋਂ ਬਿਨਾ ਹੋਰ ਕੀ ਆਖਿਆ ਜਾ ਸਕਦਾ ਹੈ। ਮਹਾਨ ਕੋਸ਼ ਦੇ ਪੰਨਾ ੭੦੦ ਉਤੇ 'ਮਹਾਂਕਾਲ' ਪਦ ਦਾ '੧' ਅੰਗ ਵਾਲਾ ਅਰਥ ਇਉਂ ਹੈ :—

ਸੰਗਯਾ—ਕਾਲ ਦਾ ਭੀ ਕਾਲ ਕਰਨ ਵਾਲਾ, ਯਮ ਸਿਵ ਆਦਿ ਜਗਤ ਦਾ ਅੰਤ ਕਰਨ ਵਾਲੇ ਭੀ ਜਿਸ ਵਿੱਚ ਲੈਅ ਹੋ ਜਾਂਦੇ ਹਨ, ਵਾਹਿਗੁਰੂ, ਪਾਰਬ੍ਰਹਮ—"ਮਹਾਕਾਲ ਰਖਵਾਰ ਹਮਾਰੋ ... ।"

ਉਪਰੋਕਤ ਤੱਥ ਤੋਂ ਇਲਾਵਾ, ਗਿਆਨੀ ਭਾਗ ਸਿੰਘ ਜੀ ਨੇ ਸ਼ਿਵਰਾਮ ਦਾਸ ਉਦਾਸੀ ਦੇ ਬਣਾਏ ਹੋਏ 'ਗੁਰਮਤਿ ਦਰਪਨ' ਦੇ ਉਤਰ ਵਿੱਚ ਜੋ 'ਗੁਰਮਤਿ ਦਰਸ਼ਨ' ਪੁਸਤਕ (ਪਹਿਲੀ ਵਾਰ ਦਸੰਬਰ ੧੯੩੯ ਵਿੱਚ ਪ੍ਰਕਾਸ਼ਤ ਹੋਈ) ਲਿਖੀ ਸੀ, ਉਸ ਦੇ ਪੰਨਾ ੭੩ ਉਤੇ ਆਪ ਹੀ ਆਪਣੇ ਸ਼ੁਭ ਹੱਥਾਂ ਨਾਲ 'ਮਹਾਂਕਾਲ' ਪਦ ਦੇ ਅਰਥਾਂ ਬਾਰੇ ਪ੍ਰਸ਼ਨ ਉਤਰ ਦੇ ਰੂਪ ਵਿਚ ਹੇਠ ਲਿਖਿਆ ਨਿਰਣਾ ਕੀਤਾ ਹੈ :—

**ਪ੍ਰਸ਼ਨ**:—ਜੇ ਮਹਾਂ ਕਾਲ ਦਾ ਅਰਥ 'ਅਕਾਲ ਪੁਰਖ' ਅਤੇ 'ਕਾਲਿਕਾ' ਦਾ ਅਰਥ 'ਕਾਲਿਕਾ ਦੇਵੀ' ਭਾਵ ਅਕਾਲ ਪੁਰਖ ਅਤੇ ਕਾਲੀ ਦੇਵੀ ਅਰਾਧੀ ਕਰ ਲਿਆ ਜਾਵੇ ਤਾਂ ਹੋ ਸਕਦਾ ਹੈ ਜਾਂ ਨਹੀਂ ?

**ਉਤਰ**: —ਕਦਾਚਿਤ ਨਹੀਂ, ਕਾਰਨ ਇਹ ਹੈ ਕਿ ਇਕ ਤਾਂ ਸ੍ਰੀ ਗੁਰੂ ਜੀ ਦੀ "ਤੁਮੈ ਛਾਡਿ ਕੋਈ ਅਵਰ ਨਾ ਧਿਆਊਂ" ਆਦਿ ਕੀਤੀ ਪ੍ਰਤੱਗਿਆ ਦੇ ਤੋੜ ਦੇਣ ਦਾ ਦੋਸ਼ ਅਰੋਪਨ ਹੁੰਦਾ ਹੈ ਕਿ ਗੁਰੂ ਸਾਹਿਬ ਕਹਿੰਦੇ ਹੋਰ ਤੇ ਕਰਦੇ ਕੁਝ ਹੋਰ ਹਨ, ਜੋ ਨਾ ਹੋਣ ਵਾਲੀ ਗੱਲ ਅਤੇ ਤਿੰਨਾਂ ਕਾਲਾਂ ਵਿੱਚ ਅਸੰਭਵ ਹੈ।

ਦੂਜਾ, 'ਅਰਾਧੀ' ਪਦ ਇਕ ਅਰਾਧਯ ਦਾ ਲਖਾਇਕ ਹੈ, ਜੇ 'ਮਹਾਂ ਕਾਲ' ਅਤੇ 'ਕਾਲਿਕਾ' ਪਦਾਂ ਦੇ ਅਰਾਧਯ ਹੁੰਦੇ ਤਾਂ ਪਾਠ 'ਅਰਾਧੀ' ਦੇ ਥਾਏਂ 'ਅਰਾਧੇ' ਹੋਣਾ ਸੀ, ਪ੍ਰੰਤੂ ਇਥੇ ਪਾਠ ਅਰਾਧੀ ਹੈ।

ਤੀਜਾ, ਮਹਾਂ ਕਾਲ ਅਤੇ ਕਾਲਿਕਾ ਇਹ ਦੋ ਅਰਾਧਯ ਅਤੇ ਇਕ ਅਰਾਧਕ [ਅਰਾਧਣ ਵਾਲਾ ਭਾਵ ਗੁਰੂ ਜੀ] ਤਿੰਨ ਹੁੰਦੇ ਤਾਂ ਅਗਲੀ ਤੁਕ ਜੋ "ਇਹ ਬਿਧ ਕਰਤ ਤਪਸਯਾ ਭਯੋ ॥ ਦਵੈ ਤੇ ਏਕ ਰੂਪ ਹੋ ਗਯੋ ॥" ਪਾਠ ਹੈ, ਉਹ ਇਸ ਪ੍ਰਕਾਰ ਹੋਣਾ ਸੀ ਕਿ "ਇਹ ਬਿਧ ਕਰਤ ਤਪੱਸਯਾ ਭਯੰ ॥ ਤ੍ਰੈ ਤੇ ਏਕ ਰੂਪ ਹੋ ਗਯੋ ॥" ਜਾਂ "ਤ੍ਰੈ ਤੇ ਦੋ ਰੂਪ ਹੋ ਗਯੋ ॥" ਤਾਂ ਤੇ ਤੁਸੀਂ ਧਿਙੋਜ਼ੋਰੀ ਵਿਚਾਰੀ ਕਾਲਿਕਾ ਦੇਵੀ ਨੂੰ ਨਾ ਚੁੱਕੀ



www.AKJ.Org

ਫਿਰੇ। ਗੁਰੂ ਜੀ ਨੇ ਮਹਾਂਕਾਲ [ਅਕਾਲ ਪੁਰਖ] ਨੂੰ ਹੀ ਅਰਾਧਿਆ ਹੈ, ਜੋ ਅਗਲੀ ਤੁਕ ਤੋਂ ਹੋਰ ਵੀ ਸਪੱਸ਼ਟ ਦਿਸ ਰਿਹਾ ਹੈ, ਯਥਾ—"ਤਿਨ ਪ੍ਰਭ ਜਬ ਆਯਸ ਮੋਹਿ ਦੀਆ ॥ ਤਬ ਹਮ ਜਨਮ ਕਲੂ ਮਹਿ ਲੀਆ ॥" ਇਥੇ ਹੀ ਬੱਸ ਨਹੀਂ, ਅੱਗੇ ਇਸ ਅਵਤਾਰ ਧਾਰਨ ਦੇ ਪ੍ਰਸੰਗ ਵਿੱਚ ਲਿਖਿਆ ਹੈ, "ਅਕਾਲ ਪੁਰਖ ਬਾਚ ਇਸ ਕੀਟ ਪ੍ਰਤਿ"। ਜੇ ਦੇਵੀ ਅਰਾਧੀ ਹੁੰਦੀ ਤਾਂ "ਕਾਲਿਕਾ ਬਾਚ" ਅਥਵਾ 'ਅਕਾਲ ਪੁਰਖ' ਤੇ 'ਦੇਵੀ ਬਾਚੀ' ਪਾਠ ਹੋਣਾ ਸੀ।"

ਜੇ ਗਿਆਨੀ ਜੀ ਅਜੇ ਵੀ ਇਸ ਸਚਾਈ ਨਾਲ ਸਹਿਮਤ ਨਹੀਂ ਤਾਂ 'ਮੈਂ ਨਾ ਮਾਨੂੰ' ਦੀ ਰਟ ਲਾਉਣ ਵਾਲੇ ਪ੍ਰਤੀ ਹੋਰ ਕੀ ਆਖਿਆ ਜਾ ਸਕਦਾ ਹੈ। ਆਪ ਸਹਨਸ਼ੀਲਤਾ ਸਹਿਤ ਭਾਈ ਕਾਨ੍ਹ ਸਿੰਘ ਨਾਭਾ ਦੇ ਰਚਿਤ ਪ੍ਰਮਾਣੀਕ ਗ੍ਰੰਥ 'ਗੁਰਮਤਿ ਸੁਧਾਕਰ' 'ਗੁਰਮਤਿ ਮਾਰਤੰਡ' ਅਤੇ 'ਹਮ ਹਿੰਦੂ ਨਹੀਂ' ਪੁਸਤਕਾਂ ਵਿੱਚ 'ਭਗਉਤੀ' ਪਦ ਦੇ ਅਰਥਾਂ ਦੀ ਸਥਿਤੀ ਨੂੰ ਵੇਖਣ ਜੋਖਣ ਦੀ ਕ੍ਰਿਪਾਲਤਾ ਕਰਨ। ਗਿਆਨੀ ਜੀ ਦੇ ਉਪਰੋਕਤ ਉਤਰ ਵਾਲੇ ਵੀਚਾਰ ਪਹਿਲਾਂ ਹੀ 'ਗੁਰਮਤਿ ਸੁਧਾਕਰ' ਦੇ ਪੰਨਾ ੪੪ ਤੇ ਇਉਂ ਅੰਕਤ ਹਨ :—

"ਮਹਾਂਕਾਲ ਕਾਲਿਕਾ ਪਦ ਵਾਹਿਗੁਰੂ ਦੇ ਵੋਧਕ ਹੈਨ, ਗੁਰਬਾਣੀ ਵਿੱਚ ਉਸ ਅਲਿੰਗ ਨੂੰ ਤ੍ਰਿਲਿੰਗ ਸ਼ਬਦਾਂ ਦੁਆਰਾ ਵਰਨਣ ਕੀਤਾ ਹੈ ਯਥਾ— "ਤੂੰ ਮੇਰਾ ਪਿਤਾ, ਤੂੰ ਹੈ ਮੇਰਾ ਮਾਤਾ" [ਮਾਝ ਮ: ੫] ਜੇ ਕਾਲਿਕਾ ਜੁਦੀ ਹੁੰਦੀ ਤਾਂ ਅੱਗੇ ਪਾਠ ਹੁੰਦਾ— "ਤ੍ਰੈ ਤੇ ਏਕ ਰੂਪ ਹੋ ਗਯੋ" ਅਥਵਾ—"ਦੁਇ ਰੂਪ ਹੋ ਗਯੋ।" ਗੁਰੂ ਸਾਹਿਬ ਦਾ ਉਪਾਸਯ ਕੇਵਲ ਅਕਾਲ ਹੈ, ਕਈ ਆਖਦੇ ਹਨ ਕਿ ਮਹਾ ਮਾਯਾ ਜੋ ਵਾਹਿਗੁਰੂ ਸਾਥ ਇਸ ਤਰ੍ਹਾਂ ਅਭੇਦ ਹੈ ਜਿਸ ਤਰ੍ਹਾਂ ਦਾਹ ਸ਼ਕਤੀ ਅਗਨੀ ਸਾਥ ਅਤੇ ਪ੍ਰਭਾ ਸ਼ਕਤੀ ਸੂਰਜ ਸਾਥ, ਗੁਰੂ ਸਾਹਿਬ ਨੇ ਉਸ ਦੀ ਉਪਾਸਨਾ ਕਰੀ ਹੈ। ਅਸੀਂ ਉਨ੍ਹਾ ਨੂੰ ਪੁਛਦੇ ਹਾਂ ਕਿ ਜਦ ਕੋਈ ਭਿੰਨ ਸੱਤਾ ਵਾਹਿਗੁਰੂ ਤੋਂ ਸ੍ਵਯੰਪ੍ਰਕਾਸ਼ ਹੈ ਹੀ ਨਹੀਂ ਤਦ ਉਸ ਦਾ ਅਰਾਧਣਾ ਕਿਸ ਤਰ੍ਹਾਂ ਗੁਰਮਤਿ ਵਿੱਚ ਸਿੱਧ ਹੋ ਸਕਦਾ ਹੈ ? ਅਤੇ ਇਹ ਗੁਰਬਚਨ ਕੀ ਸਿੱਧ ਕਰਦੇ ਹਨ— "ਤੁਮਹਿ ਛਾਡ ਕੋ ਅਵਰ ਨ ਧਿਆਊ"—"ਇਕ ਬਿਨ ਦੂਸਰ ਸੋ ਨ ਚਿਨਾਰ" ਅਤੇ "ਏਕ ਕੋ ਛਾਡ ਅਨੇਕ ਭਜੈ ਸੁਕਦੇਵ ਪਰਾਸਰ ਬਯਾਸ ਝੁਠਾਨਯੋ" ਆਦਿਕ।"

ਸੋ, ਗਿਆਨੀ ਜੀ ਵੱਲੋਂ ਕੇਵਲ ਆਪਣੇ ਵੀਚਾਰਾਂ ਦੀ ਪੱਖ-ਪੂਰਤੀ ਲਈ ਦਸਮ ਗ੍ਰੰਥ ਦੀ ਅੰਦਰਲੀ ਗਵਾਹੀ ਨਾਲ 'ਮਹਾਂਕਾਲ' ਦੀ ਭਿਆਨਕ ਤਸਵੀਰ ਖਿੱਚ ਕੇ ਪਾਠਕਾਂ ਨੂੰ ਕੁਰਾਹੇ ਪਾਉਣਾ ਸ਼ੋਭਾਜਨਕ ਨਹੀਂ। ਗਿਆਨੀ ਜੀ ਕਲ੍ਹ ਜਿਸ ਗੱਲ ਨੂੰ "ਤਿੰਨਾਂ ਕਾਲਾਂ ਵਿੱਚ ਅਸੰਭਵ ਹੈ" ਦੱਸਦੇ ਸਨ, ਅੱਜ (ਕੇਵਲ 30 ਕੁ ਸਾਲਾਂ ਦੇ ਅੰਦਰ ਅੰਦਰ ਹੀ) ਉਹ ਸੰਭਵ ਹੋ ਗਈ ਹੈ। ਵਾਹ ਗਿਆਨੀ ਜੀ, ਵਾਹ !!

ਵਿਆਕਰਣ ਦੀ ਟੇਕ ਲੈਂਦੇ ਹੋਏ ਗਿਆਨੀ ਭਾਗ ਸਿੰਘ ਜੀ, ਖਾਲਸਾ ਸਮਾਚਾਰ ਦੇ ਐਡੀਟਰ, ਗਿ: ਮਹਾਂ ਸਿੰਘ, ਨੂੰ ਸਮਝਾਉਂਦੇ ਹੋਏ ਉਤਰ ਵਿੱਚ ਇਉਂ ਲਿਖਦੇ ਹਨ :—

"ਗਿਆਨੀ ਜੀ ਨੂੰ ਪਤਾ ਹੋਵੇ ਕਿ ਅਨੇਕਾਂ ਵਿਦਵਾਨ ਜਾਣਦੇ ਹਨ ਕਿ ਜਿਵੇਂ ਇਕ-ਇਕ ਪਦਾਰਥ ਦੇ ਕਈ ਨਾਉਂ ਹੁੰਦੇ ਹਨ ਪਰੰਤੂ ਉਨ੍ਹਾਂ ਦੀ ਵਰਤੋਂ ਹੇਠ ਲਿਖੇ ਤਿੰਨ ਰੂਪਾਂ ਵਿੱਚ ਹੁੰਦੀ ਹੈ :—

1. ਅਵੱਧਾ ਬ੍ਰਿਤੀ (ਅਸਥਾਨ ਭੇਦ) ਭਾਵ ਪ੍ਰਕਰਣ ਅਨੁਸਾਰ, ਮੌਕਿਆ, ਮਾਹੌਲ;

2. ਲੱਛਣਾ ਬ੍ਰਿਤੀ (ਗੁਣਾਤਮਕ) ਅਰਥਾਤ ਮੁਰਾਦੀ, ਮਤਲਬ।

3. ਵਿਯੰਜਨਾ ਬ੍ਰਿਤੀ (ਵਯੰਜਨ) ਅੱਖਰੀ ਅਰਥ, ਲਫ਼ਜ਼ੀ ਮਾਯਨੇ।

ਤਾਂ ਤੇ ਭਗਉਤੀ ਵਾਲੇ ਲੇਖ ਵਿੱਚ ਪ੍ਰਕਰਣ ਅਨੁਸਾਰ ਭਗੌਤੀ ਦਾ ਅਰਥ 'ਦੁਰਗਾ' ਹੋਣਾ ਹੀ ਯਥਾਰਥ ਹੈ, ਕਿਉਂਕਿ ਇਸ ਦੇ ਸਿਰਲੇਖਾਂ ਤੋਂ ਵੀ ਸਪੱਸ਼ਟ ਹੋ ਰਿਹਾ ਹੈ ਕਿ ਸ੍ਰੀ ਭਗਉਤੀ ਜੀ ਸਹਾਇ, ਵਾਰ ਸ੍ਰੀ ਭਗਉਤੀ ਜੀ ਕੀ ਅਥਵਾ 'ਪ੍ਰਿਥਮ ਭਗਉਤੀ ਸਿਮਰ ਕੈ'। ਇਸ ਵਾਰ ਦੀਆਂ ਅੰਤਲੀਆਂ ਤੁਕਾਂ ਤੋਂ ਸਪੱਸ਼ਟ ਹੈ ਕਿ ਵਾਰ ਸ੍ਰੀ ਭਗੌਤੀ ਜੀ ਕੀ ਦੁਰਗਾ ਦੀ



www.AKJ.Org

ਜੰਗ ਦੀ ਵਾਰ ਹੈ। ਇਸ ਲਈ ਇਥੇ 'ਭਗਉਤੀ' ਦੇ ਅਰਥ ਪ੍ਰਕਰਣ (ਮਜ਼ਮੂਨ) ਅਨੁਸਾਰ ('ਦੁਰਗਾ ਦੇਵੀ') ਦੇ ਹੀ ਜਚਦੇ ਹਨ।''

ਗੁਰਮਤਿ ਦਰਪਨ ਪੰਨਾ 46-47 ਤੇ, ਹੇਠ ਲਿਖੇ ਪ੍ਰਸ਼ਨ ਦਾ ਉਤਰ ਜੰ ਗਿ: ਭਾਗ ਸਿੰਘ ਜੀ ਨੇ ਆਪਣੀ ਪੁਸਤਕ 'ਗੁਰਮਤਿ ਦਰਸ਼ਨ' (1939 ਐਡੀਸ਼ਨ) ਦੇ ਪੰਨਾ 77-79 ਤੇ ਦਿੱਤਾ ਸੀ, ਉਹ ਵੀ ਪਾਠਕਾਂ ਦੀ ਦ੍ਰਿਸ਼ਟੀ ਗੋਚਰ ਕਰਨਾ ਅਤੀ ਜ਼ਰੂਰੀ ਹੈ, ਜੋ ਇਸ ਪ੍ਰਕਾਰ ਹੈ :—

**ਪ੍ਰਸ਼ਨ** :—ਦਸਮ ਗ੍ਰੰਥ ਮੇਂ ਵਾਰ ਸ੍ਰੀ ਭਗਉਤੀ ਜੀ ਕੀ ਪਾਤਸ਼ਾਹੀ ੧੦ ''ਪ੍ਰਥਮ ਭਗਉਤੀ ਸਿਮਰ ਕੈ ਗੁਰੂ ਨਾਨਕ ਲਈ ਧਿਆਇ''। ਇਸ ਵਾਰ ਮੇਂ ਸ੍ਰੀ ਭਗਉਤੀ ਦੇਵੀ ਕੋ ਗੁਰੂ ਜੀ ਨੇ ਪਹਿਲੇ ਸਿਮਰਿਆ ਹੈ। ਇਸ ਸ੍ਰੀ ਭਗਉਤੀ ਜੀ ਕੀ ਵਾਰ ਦੀਆਂ ਸਾਰੀਆਂ 55 ਪਉੜੀਆਂ ਹੈਂ, ਜਿਨ ਮੇਂ ਦੇਵੀ ਜੀ ਕਾ ਹੀ ਯਸ ਨਿਰੂਪਨ ਹੈ ਅਰ ਜਿਸ ਸ੍ਰੀ ਦੇਵੀ ਜੀ ਕਾ ਸਾਰੀ ਵਾਰ ਮੈ ਯਸ ਨਿਰੂਪਨ ਹੈ ਤਿਸੇ ਹੀ ਸ੍ਰੀ ਦੇਵੀ ਜੀ ਕੇ ਭਗਉਤੀ ਨਾਮ ਪਰ ਇਸ ਵਾਰ ਕਾ ਨਾਮ ਸ੍ਰੀ ਭਗਉਤੀ ਜੀ ਲਿਖਾ ਹੈ ਯਾ ਤੇ ਭਗਉਤੀ ਅਰਥ ਈਹਾਂ ਸ੍ਰੀ ਦੇਵੀ ਹੈ, ਕ੍ਰਿਪਾਨ ਨਹੀਂ ਹੈ ਔਰ ਜੇਕਰ ਉਕਤ 55 ਪਉੜੀਆਂ ਮੇਂ ਕ੍ਰਿਪਾਨ ਕਾ ਯਸ ਨਿਰੂਪਨ ਹੋਤਾ ਹੋ ਤਬ ਕ੍ਰਿਪਾਨ ਹੀ ਅਰਥ ਹੋਤਾ, ਪ੍ਰੰਤੂ ਉਕਤ ਸਾਰੀ ਵਾਰ ਮੇਂ ਸ੍ਰੀ ਦੇਵੀ ਜੀ ਕਾ ਹੀ ਯਸ ਨਿਰੂਪਨ ਹੈ, ਕ੍ਰਿਪਾਨ ਕਾ ਨਹੀਂ ਤਾਂ ਤੇ ਤਿਸੇ ਮੇਂ ਹੀ ਸ੍ਰੀ ਦੇਵੀ ਕਾ ਸਿਮ੍ਰਨ ਪਹਿਲੇ ਕੀਤਾ ਹੈ।

**ਉਤਰ** :—ਸਿੱਖ ਪੰਥ ਦਾ ਇਹ ਦਾਅਵਾ ਹੀ ਨਹੀਂ ਕਿ 'ਭਗਉਤੀ ਸਿਮਰ ਕੈ' ਦਾ ਅਰਥ ਕ੍ਰਿਪਾਨ ਨੂੰ ਸਿਮਰਨਾ ਹੈ, ਇਸ ਲਈ ਤੁਸਾਡਾ ਆਪੇ ਹੀ ਕ੍ਰਿਪਾਨ ਨੂੰ ਸਿਮਰਨ ਦਾ ਮਨੋਕਲਪਤ ਸ਼ੰਕਾ ਕਰਨ ਤੇ ਆਪੇ ਹੀ ਉਸ ਦਾ ਖੰਡਨ ਕਰਨਾ 'ਆਪੇ ਮੈਂ ਰੱਜੀ ਪੁੱਜੀ ਤੇ ਆਪੇ ਮੈਂ ਠਢੀ ਠਾਰੀ' ਵਾਲੀ ਕਹਾਵਤ ਵਾਂਗ ਹੈ, ਕਿਉਂਕਿ 'ਪ੍ਰਥਮ ਭਗਉਤੀ ਸਿਮਰ ਕੈ' ਦਾ ਅਰਥ 'ਪਹਿਲਾਂ ਅਕਾਲ ਪੁਰਖ ਨੂੰ ਸਿਮਰ ਕੇ' ਹੈ। ਪਿਛੇ ਰਿਹਾ ਤੁਸਾਡਾ ਇਹ ਕਥਨ ਕਿ 'ਇਸ ਭਗਉਤੀ ਕੀ ਵਾਰ ਮੇਂ ਸ੍ਰੀ ਦੇਵੀ ਜੀ ਕਾ ਹੀ ਯਸ਼ ਵਰਣਨ ਹੈ, ਇਸ ਲੀਏ ਪ੍ਰਥਮ ਭਗਉਤੀ ਸਿਮਰ ਕੈ' ਦਾ ਅਰਥ ਵੀ 'ਪਹਿਲਾਂ ਦੇਵੀ ਨੂੰ ਸਿਮਰਨਾ ਹੈ'। ਇਸ ਤੋਂ ਮਲੂਮ ਹੁੰਦਾ ਹੈ ਕਿ ਤੁਸਾਡੀ ਨਿਗਾਹ ਵਿੱਚ ਜਿਤਨੇ 'ਭਗਉਤੀ' ਪਦ ਇਸ ਭਗਉਤੀ ਕੀ ਵਾਰ ਵਿੱਚ ਆਏ ਹਨ, ਸਾਰੇ ਹੀ ਭਗਉਤੀ (ਦੇਵੀ) ਦੇ ਨਾਂ ਰਜਿਸਟ੍ਰੀ ਹੋ ਚੁਕੇ ਹਨ। ਭਲਾ ਜੇ ਇੰਜ ਗੱਲ ਹੈ ਤਾਂ ਇਸੇ 'ਭਗਉਤੀ ਕੀ ਵਾਰ' ਵਿੱਚ ਲਿਖੇ ''ਲਈ ਭਗਉਤੀ ਦੁਰਗਸ਼ਾਹ ਵਰਜਾਗਣ ਭਾਰੀ। ਲਾਈ ਰਾਜੇ ਸੁੰਭ ਨੂੰ ਰੱਤ ਪੀਏ ਪਿਆਰੀ'' ਪਾਠ ਦਾ ਕੀ ਅਰਥ ਕਰੋਗੇ? ਕਿਉਂਕਿ 'ਦੁਰਗਸ਼ਾਹ' ਨਾਮ ਦੇਵੀ ਦਾ ਤੇ 'ਭਗਉਤੀ' ਵੀ ਨਾਮ ਦੇਵੀ ਦਾ ਹੈ, ਫਿਰ ਜਾਂ ਤਾਂ ਇਹ ਅਰਥ ਕਰੋਗੇ ਕਿ 'ਦੇਵੀ ਨੇ ਦੇਵੀ ਚੁੱਕ ਕੇ ਰਾਜੇ ਸੁੰਭ ਨੂੰ ਮਾਰੀ ਜਿਸ ਨੇ ਸੁੰਭ ਦੀ ਰੱਤ ਨੂੰ ਪੀਤਾ। ਜਾਂ ਫਿਰ ਸਿੱਧੀ ਤਰ੍ਹਾਂ ਇਥੇ ਲਿਖੇ 'ਭਗਉਤੀ' ਸ਼ਬਦ ਦਾ ਅਰਥ 'ਕ੍ਰਿਪਾਨ' ਕਰੋਗੇ ਕਿਉਂਕਿ ਪਦਾਂ ਦੇ ਅਰਥ ਅਸਥਾਨ ਭੇਦ ਅਤੇ ਪ੍ਰਕਰਣ ਅਨੁਸਾਰ ਵਰਤੇ ਜਾਂਦੇ ਹਨ। ਤਾਂ ਤੇ ਜਿਵੇਂ 'ਲਈ ਭਗਉਤੀ ਦੁਰਗਸ਼ਾਹ' ਵਾਲੀ ਤੁਕ ਵਿੱਚ 'ਭਗਉਤੀ' ਦਾ ਅਰਥ ਤਲਵਾਰ ਹੈ, ਤਿਵੇਂ ਹੀ ਪਥਮ ਭਗਉਤੀ ਸਿਮਰ ਕੈ' ਵਾਲੀ ਪੰਕਤੀ ਵਿੱਚ 'ਭਗਉਤੀ' ਪਦ ਦਾ ਅਰਥ ਪ੍ਰਕਰਣ ਅਨੁਸਾਰ 'ਅਕਾਲਪੁਰਖੁ' ਹੀ ਹੋਇਆ।

ਤੀਜਾ ਇਹ ਕਿ ''ਇਸ ਭਗਉਤੀ ਦੀ ਵਾਰ ਦੀਆਂ 55 ਪਉੜੀਆਂ ਵਿੱਚ ਭਗਉਤੀ (ਦੇਵੀ) ਦਾ ਹੀ ਯਸ਼ ਹੈ'' ਵਾਕ ਤੋਂ ਮਲੂਮ ਹੁੰਦਾ ਹੈ ਕਿ ਆਪ ਅਰਥ-ਬੋਧ ਤੋਂ ਉੱਕਾ ਹੀ ਕੋਰੇ ਹੋ। ਕਾਰਨ ਇਹ ਕਿ ਇਸ ਵਾਰ ਦੀਆਂ 53 ਪਉੜੀਆਂ (ਜੋ ਮੂਲ ਪਾਠ ਦਾ ਟੀਕਾ ਹਨ) ਵਿੱਚ ਦੇਵੀ ਦਾ ਯਸ਼ ਹੈ, ਪ੍ਰੰਤੂ ਦਸਮੇਸ਼ ਪਿਤਾ ਜੀ ਵੱਲੋਂ ਆਦਿ ਗੁਰੂ ਸਾਹਿਬਾਂ ਦਾ ਮੰਗਲ ਅਤੇ ਅਕਾਲ ਪੁਰਖ ਦਾ ਯਸ਼ ਵਰਨਣ ਹੈ ਆਰੰਭ ਵਿੱਚ, ਜਿਹਾ ਕਿ 'ਤੈਥੋਂ ਹੀ ਬਲ ਰਾਮ ਲੈ......'' ਅਤੇ ''ਤੈਥੋਂ ਹੀ ਬਲ ਕ੍ਰਿਸ਼ਨ ਲੈ......'' ਤਥਾ ''ਤੈਂ ਹੀ ਦੁਰਗਾ ਸਾਜ ਕੇ .....'' ਆਦਿ ਵਾਕਾਂ



www.AKJ.Org

ਤੋਂ ਪ੍ਰਗਟ ਹੈ । ਜੇ ਸਾਰੀਆਂ ਪਉੜੀਆਂ ਦੇਵੀ ਦੇ ਯਸ਼ ਵਿੱਚ ਹੀ ਹੁੰਦੀਆਂ ਤਾਂ "ਤੈਂ ਹੀ ਦੁਰਗਾ ਸਾਜ ਕੈ......" ਅਤੇ "ਗੁਰੂ ਨਾਨਕ ਲਈ ਧਿਆਇ" ਆਦਿ ਪਾਠ ਕਦਾਚਿਤ ਨ ਹੁੰਦਾ।

ਵਾਸਤਵ ਵਿੱਚ ਜਿਵੇਂ ਕ੍ਰਿਸ਼ਨਾਵਤਾਰ ਦੀ ਸਪਾਪਤੀ ਵੇਲੇ "ਕਿਸ਼ਨ ਬਿਸ਼ਨ ਕਬਹੂ ਨ ਧਿਆਊ" ਤਥਾ ਰਾਮਾਵਤਾਰ ਦੀ ਅੰਤਕਾ ਵਿੱਚ "ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹਯੋ ਮਤ ਏਕ੍ਰ ਨ ਮਾਨਯੋ" ਲਿਖਣ ਤੋਂ ਸ੍ਰੀ ਗੁਰੂ ਦਸ਼ਮੇਸ਼ ਜੀ ਦਾ ਇਹ ਭਾਵ ਸੀ ਕਿ ਭਗਵਤ ਦੇ ਟੀਕੇ ਕ੍ਰਿਸ਼ਨਾਵਤਾਰ ਵਿਚੋਂ ਕ੍ਰਿਸ਼ਨ ਜੀ ਦੀ ਉਸਤਤਿ ਅਤੇ ਰਾਮਾਇਣ ਦੇ ਟੀਕੇ ਰਾਮਾਵਤਾਰ ਵਿੱਚੋਂ ਰਾਮ ਚੰਦ੍ਰ ਜੀ ਦੀ ਉਪਮਾ ਪੜ੍ਹ ਕੇ ਲੋਕੀਂ ਇਹ ਉਸਤਤਿ ਸਾਡੀ ਵੱਲੋਂ ਹੀ ਨਾ ਸਮਝ ਲੈਣ; ਤਿਵੇਂ ਹੀ ਇਨ੍ਹਾਂ ਚੰਡੀ ਦਰਿੱਤ੍ਰਾਂ ਅਤੇ ਚੰਡੀ ਦੀ ਵਾਰ (ਜੋ ਮਾਰਕੰਡੇ ਪੁਰਾਣ ਦਾ ਟੀਕਾ ਹਨ] ਵਿੱਚ "ਗੁਰ ਨਾਨਕ ਲਈ ਧਿਆਇ" ਅਤੇ "ਤੈਂ ਹੀ ਦੁਰਗਾ ਸਾਜ ਕੈ" ਆਦਿ ਲਿਖਣ ਤੋਂ ਸ੍ਰੀ ਗੁਰੂ ਜੀ ਦਾ ਅਭਿਪ੍ਰਾਯ ਇਹ ਹੈ ਕਿ ਇਨ੍ਹਾਂ ਚਰਿਤ੍ਰਾਂ ਅਤੇ ਚੰਡੀ ਦੀ ਵਾਰ ਵਿੱਚੋਂ ਦੇਵੀ ਦਾ ਯਸ਼ [ਜੋ ਪਿਛਲੇ ਪਾਠ ਦਾ ਟੀਕਾ ਹੈ] ਪੜ੍ਹ ਕੇ ਅਨਜਾਣ ਲੋਗ ਸਾਨੂੰ ਹੀ ਦੁਰਗਾ ਭਗਤ ਨ ਥਾਪ ਲੈਣ।"

ਗਿਆਨੀ ਭਾਗ ਸਿੰਘ ਦਾ ਉਪਰੋਕਤ ਉਤਰ ਜਿਹੜਾ ਕਿ ਉਨ੍ਹਾਂ ਨੇ ਸ਼ਿਵਰਾਮ ਦਾਸ ਉਦਾਸੀ ਦੀ ਪੁਸਤਕ 'ਗੁਰਮਤਿ ਦਰਸ਼ਨ' ਵਿੱਚ ਦਿੱਤਾ ਸੀ, ਪਾਠਕ ਜਨ ਆਪ ਹੀ ਅਨੁਮਾਨ ਲਾ ਲੈਣ ਕਿ ਕੱਲ੍ਹ ਜਿਸ 'ਭਗਉਤੀ' ਪਦ ਬਾਰੇ ਲਿਖਦੇ ਹਨ ਕਿ "ਤੁਧਾਡੀ ਨਿਗਾਹ ਵਿਚ ਜਿਤਨੇ ਪਦ ਇਸ ਭਗਉਤੀ ਦੀ ਵਾਰ ਵਿੱਚ ਆਏ ਹਨ ਉਹ ਸਾਰੇ ਭਗਉਤੀ [ਦੇਵੀ] ਦੇ ਨਾਂ ਰਜਿਸਟ੍ਰੀ ਹ ਚੁਕੇ ਹਨ", ਅੱਜ ਆਪ ਹੀ ਇਨ੍ਹਾਂ ਅੱਖਰਾਂ ਉਪਰ ਮੁਹਰ-ਛਾਪ ਲਾ ਕੇ ਝੂਠੇ ਹੋ ਰਹੇ ਹਨ। ਜਦੋਂ ਆਪ ਹੀ ਪਹਿਲਾਂ ਭਗਉਤੀ ਪਦ ਦਾ ਅਰਥ '**ਪ੍ਰਕਰਣ ਅਨੁਸਾਰ ਅਕਾਲ ਪੁਰਖ**' ਸਿੱਧ ਕਰ ਚੁਕੇ ਹਨ ਤਾਂ ਹੁਣ 30 ਕੁ ਸਾਲ ਪਿਛੋਂ ਹੀ ਉਸੇ ਪ੍ਰਕਰਣ ਵਿੱਚ ਕਿਹੜੀ ਤਬਦੀਲੀ ਆ ਗਈ ਹੈ ? ਕੀ 'ਵਾਰ ਸ੍ਰੀ ਭਗਉਤੀ ਜੀ ਕੀ' ਦਾ ਨਾਮ ਬਦਲ ਗਿਆ ਹੈ ? ਮੰਗਲਾ-ਚਰਣ ਬਦਲ ਗਿਆ ਹੈ ? ਜਾਂ ਕਿਸੇ ਵਿਸ਼ਾ-ਵਸਤੂ ਵਿੱਚ ਕੋਈ ਅਦਲਾ-ਬਦਲੀ ਕੀਤੀ ਗਈ ਹੈ ? ਇਸ ਦਾ ਉਨ੍ਹਾਂ ਪਾਸ ਕੋਈ ਉਤਰ ਨਹੀਂ ਹੈ।

ਫਿਰ ਜਿਥੇ ਸ਼ਿਵਰਾਮ ਦਾਸ ਉਦਾਸੀ ਨੂੰ 'ਆਪ ਅਰਥ-ਬੋਧ ਤੋਂ ਉੱਕਾ ਹੀ ਕੋਰੇ ਹੋ' ਦਸ ਰਹੇ ਹਨ, ਉਸ਼ਟਕਾ ਨਿਯਾਇ ਦੇ ਅਧੀਨ ਅਜ ਉਹੀ ਗੱਲ ਇਨ੍ਹਾਂ ਤੇ ਘਟਦੀ ਹੈ, ਕਿਉਂਕਿ ਜੋ ਗੱਲ ਉਦਾਸੀ ਕਹਿੰਦਾ ਸੀ ਉਹ ਆਪ ਮੰਨ ਰਹੇ ਹਨ।

ਗਿਆਨੀ ਭਾਗ ਸਿੰਘ ਜੀ ਦੇ ਕਥਨ ਅਨੁਸਾਰ 'ਭਗਉਤੀ' ਪਦ ਦੇ ਅਰਥ 'ਅਕਾਲ ਪੁਰਖ' ਨਾ ਕੋਸ਼ ਦੁਆਰਾ ਸਿੱਧ ਹੁੰਦੇ ਹਨ ਨਾ ਕੋਈ ਇਤਿਹਾਸਕ ਗਵਾਹੀ ਮਿਲਦੀ ਹੈ ਤੇ ਨਾ ਦਸਮ ਗ੍ਰੰਥ ਦੀ ਬਾਣੀ ਚੋਂ ਇਹ ਅਰਥ ਮਿਲਦੇ ਹਨ। ਪਰ ਖੋਜ ਕਰਨ ਤੇ ਗਿਆਨੀ ਜੀ ਵਲੋਂ ਕੀਤੇ ਤਿੰਨੇ ਉਟੰਕਣ ਗਲਤ ਹਨ। ਕੋਸ਼ ਦੇ ਅਰਥ ਤਾਂ ਪਾਠਕਾਂ ਨੇ ਪਿਛੇ ਪੜ੍ਹ ਹੀ ਲਏ ਹਨ। ਜਿਥੋਂ ਤਕ ਇਤਿਹਾਸਕ ਗਵਾਹੀ ਹੈ, ਉਹ 'ਪ੍ਰਾਚੀਨ ਪੰਥ ਪ੍ਰਕਾਸ਼' ਰਚਿਤ ਭਾਈ ਰਤਨ ਸਿੰਘ ਜੀ ਭੰਗੂ ਦੇ ਪੰਨਾ ੪੩ ਤੇ ਉਪਲਬਧ ਹੈ। ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਕੇਸਗੜ੍ਹ ਸਾਹਿਬ ਪਹਿਲਾ ਅੰਮ੍ਰਿਤ-ਸਿੰਚਾਰ ਕੀਤਾ, ਉਦੋਂ 'ਪ੍ਰਿਥਮ ਭਗਉਤੀ' ਵਾਲੀ ਅਰਦਾਸ ਪੜ੍ਹੀ ਗਈ। ਭਾਈ ਸਾਹਿਬ ਇਸ ਬਾਰੇ ਇਉਂ ਲਿਖਦੇ ਹਨ—

ਪ੍ਰਿਥਮ ਭਗੌਤੀ ਵਾਰ ਜੁ ਪਉੜੀ।
ਪੜ ਪ੍ਰਿਥਮੈ ਆਪ ਸਤਿਗੁਰ ਜੋੜੀ।
ਨੌ ਪਾਤਸ਼ਾਹੀਆ ਲਯੋ ਧਿਆਇ।
ਅਬ ਦਸਮਨ ਪਰ ਹੋਈ ਸਹਾਇ।

ਜਿਥੋਂ ਤਕ ਦਸਮ ਗ੍ਰੰਥ ਦੀ ਬਾਣੀ ਚੋਂ ਸਬੂਤ ਦੇਣ ਦਾ ਸਬੰਧ ਹੈ, ਬਹੁਤੀਆਂ ਰਚਨਾਵਾਂ ਦੇ ਆਦਿ ਵਿਚ 'ਸ੍ਰੀ ਭਗਉਤੀ ਜੀ ਸਹਾਇ' ਦਰਜ ਹੈ। ਇਹ ਤਿੰਨੇ ਗਵਾਹੀਆਂ 'ਭਗਉਤੀ' ਪਦ ਦੇ ਅਰਥ ਅਕਾਲ ਪੁਰਖ ਹੋਣ ਦਾ ਅਕੱਟ ਸਬੂਤ ਹਨ। ਬਾਕੀ ਜੇ ਕੋਈ ਹੱਠੀ ਜਾਂ ਚਤਰ ਪੁਰਸ਼ 'ਮੈਂ ਨਾ ਮਾਨੂੰ' ਵਾਲੀ ਗੱਲ ਕਰੇ ਤਾਂ ਇਸ ਬੀਮਾਰੀ ਦਾ ਕਿਸੇ ਡਾਕਟਰ ਪਾਸ ਕੋਈ ਇਲਾਜ ਨਹੀਂ।



www.AKJ.Org

# ਸਰਬ ਹਿੰਦ ਗੁਰਦਵਾਰਾ ਐਕਟ

ਪਾਠਕਾਂ ਨੇ ਅਖ਼ਬਾਰਾਂ ਵਿਚ ਛਪੀਆਂ ਸੂਚਨਾਵਾਂ ਰਾਹੀਂ ਇਹ ਪੜ੍ਹ ਲਿਆ ਹੋਵੇਗਾ ਕਿ ਸਰਬ ਹਿੰਦ ਗੁਰਦਵਾਰਾ ਐਕਟ ਬਣਾਉਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਇਸ ਸਬੰਧ ਵਿਚ ਸ: ਹਰਬੰਸ ਸਿੰਘ ਜੀ ਰੀਟਾਇਰਡ ਚੀਫ਼ ਜਸਟਿਸ ਹਾਈਕੋਰਟ ਪੰਜਾਬ ਦੀ ਚੇਅਰਮੈਨ-ਸ਼ਿਪ ਹੇਠ ਇਸ ਕਾਨੂੰਨ ਦੀ ਰੂਪ-ਰੇਖਾ ਸਬੰਧੀ ਸਲਾਹ ਦੇਣ ਲਈ ਇਕ ਕਮੇਟੀ ਸਥਾਪਤ ਕੀਤੀ ਗਈ ਹੈ। ਉਸ ਕਮੇਟੀ ਨੇ ਇਸ ਕਾਨੂੰਨ ਸਬੰਧੀ ਇਕ ਪੁੱਛ-ਪੱਤਰ ਤਿਆਰ ਕੀਤਾ ਹੈ ਅਤੇ ਇਸ ਸਬੰਧ ਵਿਚ ਦਿਲਚਸਪੀ ਰਖਣ ਵਾਲੇ ਵਿਅਕਤੀਆਂ ਤੇ ਸਿਖ ਸੰਸਥਾਵਾਂ ਦੇ ਵਿਚਾਰ ਮੰਗੇ ਹਨ।

ਅੰਗਰੇਜ਼ੀ ਦੇ ਇਸ ਪੁੱਛ-ਪੱਤਰ ਦਾ ਪੰਜਾਬੀ ਅਨੁਵਾਦ ਪਾਠਕਾਂ ਦੀ ਗਿਆਤ ਲਈ ਹੇਠ ਦਿਤਾ ਜਾਂਦਾ ਹੈ ਅਤੇ ਹਰੇਕ ਸਿਖ ਪਾਸੋਂ ਇਹ ਆਸ ਕੀਤੀ ਜਾਂਦੀ ਹੈ ਕਿ ਉਹ ਸਿੱਖੀ ਦੀ ਜਿੰਦ-ਜਾਨ "ਸਿਖ ਗੁਰਦੁਆਰਿਆਂ" ਸਬੰਧੀ ਬਣ ਰਹੇ ਕਾਨੂੰਨ ਨੂੰ ਠੀਕ ਸੇਧ ਦੇਣ ਲਈ ਗੁਰਮਤਿ ਉਤੇ ਅਧਾਰਤ ਵਿਚਾਰ ਤੁਰਤ ਹੀ ਕੋਠੀ ਨੰਬਰ 58, ਸੈਕਟਰ 4, ਚੰਡੀਗੜ੍ਹ ਵਿਖੇ ਭੇਜਣ ਦੀ ਕਿਰਪਾਲਤਾ ਕਰੋ।

## ਪੁੱਛ-ਪੱਤਰ

### ਜਾਣ-ਪਛਾਣ—

ਗੁਰਦਵਾਰੇ ਸਿਖ ਕੌਮ ਦੀ ਜਿੰਦ ਜਾਨ ਹਨ। ਗੁਰਦਵਾਰਿਆਂ ਦਾ ਸਾਰੀਆਂ ਕੁਰੀਤੀਆਂ ਤੋਂ ਛੁਟਕਾਰਾ ਅਤੇ ਇਹਨਾਂ ਪਾਵਨ ਅਸਥਾਨਾਂ ਦੀ ਪਵਿਤਰਤਾ ਬਹੁਤ ਮਹੱਤਤਾ ਰਖਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਉਹਨਾਂ ਦੇ ਉਤਰ-ਅਧਿਕਾਰੀ ਬਾਕੀ ਗੁਰੂ ਸਾਹਿਬਾਨ ਨੇ ਭਾਰਤ ਦੇਸ਼ ਵਿਚ ਵਖ ਵਖ ਥਾਵਾਂ ਤੇ ਗੁਰਦਵਾਰੇ ਅਸਥਾਪਤ ਕੀਤੇ। ਇਸ ਤੋਂ ਮਗਰੋਂ ਬਹੁਤ ਸਾਰੇ ਗੁਰਦਵਾਰਿਆਂ ਦੀ ਸਥਾਪਨਾ ਸਤਿਗੁਰਾਂ, ਸ਼ਹੀਦਾਂ, ਸਿਖ ਸੰਤਾਂ ਅਤੇ ਕੁਝ ਰਵਾਇਤਾਂ ਦੀ ਯਾਦ ਵਿਚ ਕੀਤੀ ਗਈ। ਫਿਰ ਜਿਥੇ ਜਿਥੇ ਸਿਖਾਂ ਦੀ ਭਾਰੀ ਵਸੋਂ ਹੁੰਦੀ ਗਈ, ਉਥੇ ਵੀ ਪੂਜਾ ਪਾਠ ਦੇ ਅਸਥਾਨ, ਭਾਵ ਗੁਰਦਵਾਰੇ ਸਥਾਪਤ ਹੁੰਦੇ ਗਏ।

ਦੋ ਤਖ਼ਤ, ਸ੍ਰੀ ਹਜ਼ੂਰ ਸਾਹਿਬ ਅਤੇ ਪਟਨਾ ਸਾਹਿਬ ਮਹਾਰਾਸ਼ਟਰ ਅਤੇ ਬਿਹਾਰ ਵਿਚ ਹਨ। ਇਕਸਾਰ ਕਾਨੂੰਨ ਦੀ ਅਣਹੋਂਦ ਕਾਰਨ ਪੰਜਾਬ ਤੋਂ ਬਾਹਰਲੇ ਗੁਰਦਵਾਰਿਆਂ ਵਿਚ ਵਖ ਵਖ ਮਾਨ-ਮਰਯਾਦਾ ਪ੍ਰਚਲਤ ਹੈ, ਜਿਸ ਉਤੇ ਸਥਾਨਿਕ ਪ੍ਰਭਾਵ ਹਨ ਅਤੇ ਉਹਨਾਂ ਵਿਚ ਕਈ ਸਿਖ ਧਰਮ ਦੇ ਮੁਢਲੇ ਸਿਧਾਂਤਾਂ ਅਨਕੂਲ ਨਹੀਂ।

ਇਹ ਕਾਫ਼ੀ ਦੇਰ ਤੋਂ ਅਨੁਭਵ ਕੀਤਾ ਜਾ ਰਿਹਾ ਸੀ ਕਿ ਗੁਰਦਵਾਰਿਆਂ ਦੇ ਯੋਗ ਪ੍ਰਬੰਧ ਲਈ, ਉਹਨਾਂ ਦੀ ਆਮਦਨ ਦੀ ਯੋਗ ਵਰਤੋਂ ਲਈ ਅਤੇ ਉਹਨਾਂ ਦੀ ਮਾਨ-ਮਰਯਾਦਾ ਵਿਚ ਇਕਸਾਰਤਾ ਲਿਆਉਣ ਲਈ ਇਕ ਸਰਬ-ਹਿੰਦ ਗੁਰਦਵਾਰਾ ਐਕਟ ਹੋਣਾ ਚਾਹੀਦਾ ਹੈ ਜੋ ਭਾਰਤ ਦੇ ਸਾਰੇ ਗੁਰਦਵਾਰਿਆਂ ਤੇ ਲਾਗੂ ਹੋਵੇ।

ਹੁਣ ਭਾਰਤ ਸਰਕਾਰ ਨੇ ਯਕੀਨ ਦਿਵਾਇਆ ਹੈ ਕਿ ਅਜਿਹਾ ਕਾਨੂੰਨ ਬਣਾਇਆ ਜਾਵੇਗਾ ਅਤੇ ਇਸ ਦੇ ਫਲ-ਸਰੂਪ ਸਰਕਾਰ ਨੂੰ ਇਸ ਐਕਟ ਦੀ ਰੂਪ ਰੇਖਾ ਬਾਰੇ ਸੁਝਾਅ ਦੇਣ ਲਈ ਇਹ ਕਮੇਟੀ ਬਣਾਈ ਗਈ ਹੈ।

ਇਸ ਪੁੱਛ-ਪੱਤਰ ਰਾਹੀਂ ਆਮ ਜਨਤਾ ਦੇ, ਜੋ ਗੁਰਦਵਾਰਿਆਂ ਦੇ ਪ੍ਰਬੰਧ ਵਿਚ ਦਿਲਚਸਪੀ ਰਖਦੀ ਹੈ, ਦੇ ਵਿਚਾਰ ਮੰਗੇ ਜਾ ਰਹੇ ਹਨ, ਤਾਂ ਜੁ ਬਣਾਏ ਜਾਣ ਵਾਲਾ ਕਾਨੂੰਨ ਅਜਿਹੇ ਦਿਲਚਸਪੀ ਰਖਣ ਵਾਲੇ ਵਿਅਕਤੀਆਂ ਦੇ ਵਿਚਾਰ ਅਤੇ ਸੁਝਾਅ ਪ੍ਰਤਿਬਿੰਬਤ ਕਰ ਸਕੇ।

ਪੁੱਛ-ਪੱਤਰ ਵਿਚ ਉਠਾਏ ਗਏ ਮਸਲਿਆਂ ਦੇ ਸਬੰਧ ਵਿਚ ਆਪ ਜੀ ਦੇ ਵਡਮੁੱਲੇ ਸੁਝਾਅ ਇਸ ਕਮੇਟੀ ਨੂੰ ਸੌਂਪੇ ਗਏ ਕਾਰਜ ਦੀ ਪੂਰਤੀ ਲਈ ਬਹੁਤ ਸਹਾਈ ਹੋਣਗੇ ਅਤੇ ਉਹਨਾਂ ਦੀ ਕਦਰ ਕੀਤੀ ਜਾਵੇਗੀ।

ਪੁਛਾਂ ਦੇ ਉਤਰ ਖ਼ਾਲੀ ਛਡੀ ਥਾਂ ਵਿਚ ਭਰੇ ਜਾਣੇ ਹਨ ਤੇ ਜੇ ਇਸ ਵਿਚ ਉਤਰ ਪੂਰਾ ਨ ਆ ਸਕੇ ਤਾਂ ਹੋਰ ਖ਼ਾਲੀ ਵਰਕਾ ਵਰਤ ਲਿਆ ਜਾਵੇ। ਆਪ ਜੀ ਨੂੰ ਖੁਲ੍ਹ ਹੈ ਕਿ ਕੇਵਲ ਅਜਿਹੇ ਪ੍ਰਸ਼ਨਾਂ ਦਾ ਉਤਰ ਹੀ ਦੇਵੋ ਜਿਨ੍ਹਾਂ ਵਿਚ ਤੁਹਾਨੂੰ ਦਿਲਚਸਪੀ ਹੈ ਅਤੇ ਬਾਕੀਆਂ ਨੂੰ ਛਡ ਦੇਵੋ। ਜੇ ਕਿਸੇ ਹੋਰ ਮਸਲੇ ਬਾਰੇ, ਜੋ ਪੁੱਛ-ਪੱਤਰ ਵਿਚ ਨਹੀਂ ਆਇਆ, ਆਪ ਜੀ ਵਿਚਾਰ ਦੇਣਾ ਚਾਹੋ ਤਾਂ ਉਹ ਵਖਰੇ ਦੇਣ ਦੀ ਕਿਰਪਾਲਤਾ ਕਰੋ ਜੀ।

ਸਹੀ ਹਰਬੰਸ ਸਿੰਘ
ਰਿਟਾਇਰਡ ਚੀਫ਼ ਜਸਟਿਸ
ਚੇਅਰਮੈਨ

### 1—ਲਛਣ—

(i) ਪ੍ਰਸਤਾਵਿਤ ਕਾਨੂੰਨ ਵਿਚ ਹੇਠ ਲਿਖੇ ਪਦਾਂ ਦੇ ਕੀ ਲਛਣ ਹੋਣੇ ਚਾਹੀਦੇ ਹਨ :—

(ੳ) 'ਸਿਖ, (ਅ) ਸਹਿਜਧਾਰੀ ਸਿਖ, (ੲ) ਪਤਿਤ।

(ii) (ੳ) ਸਿਖ ਗੁਰਦਵਾਰੇ' ਦੀ ਕੀ ਪ੍ਰੀਭਾਸ਼ਾ ਹੋਣੀ ਚਾਹੀਦੀ ਹੈ ?



www.AKJ.Org

(ਅ) ਆਪ ਦੇ ਪ੍ਰਾਂਤ ਵਿਚੋਂ ਸਿਖ ਗੁਰਦਵਾਰਿਆਂ ਦੀ ਸ਼੍ਰੇਣੀ ਵਿਚ ਕਿਹੜੀਆਂ ਸੰਸਥਾਵਾਂ ਸ਼ਾਮਲ ਕੀਤੀਆਂ ਜਾਣੀਆਂ ਚਾਹੀਦੀਆਂ ਹਨ? ਇਹ ਵੀ ਦਸੋ ਕਿ ਇਹ ਇਤਿਹਾਸਕ ਹਨ ਜਾਂ ਦੂਜੀਆਂ। ਅਜਿਹੇ ਹਰੇਕ ਗੁਰਦਵਾਰੇ ਨਾਲ ਜੋ ਰਵਾਇਤ ਸਬੰਧਤ ਹੈ ਉਸ ਬਾਰੇ ਸੰਖੇਪ ਨੋਟ ਦੇਵੋ।

ਇਸ ਸਮੇਂ ਉਹਨਾਂ ਵਿਚ ਹਰੇਕ ਦਾ ਪ੍ਰਬੰਧ ਕਿਸ ਪਾਸ ਹੈ? ਹਰੇਕ ਗੁਰਦਵਾਰੇ ਨਾਲ ਜੋ ਜੋ ਧਰਮ-ਅਰਥ ਸੰਪਤੀ ਹੈ, ਉਸ ਦਾ ਵੀ ਵੇਰਵਾ ਦੇਵੋ।

(ੲ) ਸਿਖ ਸਤਿਗੁਰਾਂ, ਸ਼ਹੀਦਾਂ, ਸੰਤਾਂ ਅਤੇ ਸਿਖ ਰਵਾਇਤਾਂ ਨਾਲ ਸਬੰਧਤ ਸੰਸਥਾਵਾਂ ਤੋਂ ਇਲਾਵਾ ਵੀ ਕੁਝ ਪੂਜਾ-ਪਾਠ ਦੇ ਅਸਥਾਨ ਹਨ, ਜੋ ਮੂਲਕ ਤੌਰ ਤੇ ਸਿਖ ਪੂਜਾ-ਕੇਂਦਰ ਹਨ। ਕੀ ਆਪ ਇਹਨਾਂ ਨੂੰ ਵੀ ਸਿਖ ਗੁਰਦਵਾਰਿਆਂ ਦੀ ਸ਼੍ਰੇਣੀ ਵਿਚ ਸ਼ਾਮਲ ਕੀਤੇ ਜਾਣ ਦੇ ਹਕ ਵਿਚ ਹੋ?

ਜੇ ਹੋ ਤਾਂ ਆਪਣੇ ਪ੍ਰਾਂਤ ਦੀਆਂ ਅਜਿਹੀਆਂ ਸੰਸਥਾਵਾਂ ਦੀ ਸੂਚੀ, ਜਿਨ੍ਹਾਂ ਨੂੰ ਆਪ ਕਾਨੂੰਨ ਦੀ ਹਦ ਵਿਚ ਲਿਆਂਦਾ ਜਾਣ ਜ਼ਰੂਰੀ ਸਮਝਦੇ ਹੋ, ਦੇਵੋ ਅਤੇ ਇਸ ਵਿਚ ਉਹਨਾਂ ਦੇ ਨਾਲ ਸਬੰਧਤ ਧਰਮ-ਅਰਥ ਸੰਪਤੀ ਅਤੇ ਉਹਨਾਂ ਦੇ ਵਰਤਮਾਨ ਪ੍ਰਬੰਧ ਬਾਰੇ ਵੇਰਵਾ ਦੇਵੋ ਜੀ।

## II—ਗੁਰਦਵਾਰਿਆਂ ਦਾ ਪ੍ਰਬੰਧ—

(ੳ) ਭਾਰਤ ਵਿਚਲੇ ਸਿਖ ਗੁਰਦਵਾਰਿਆਂ ਦੇ ਪ੍ਰਬੰਧਕ ਢਾਂਚੇ ਦੀ ਰੂਪ-ਰੇਖਾ ਕੀ ਹੋਵੇ? ਕੀ ਵਖ ਵਖ ਪ੍ਰਾਂਤਾਂ ਜਾਂ ਪ੍ਰਾਂਤਾਂ ਦੇ ਗਰੁਪਾਂ ਲਈ ਇਕ ਵਖਰਾ ਸਟੇਟ ਪ੍ਰਬੰਧਕ ਬੋਰਡ ਹੋਵੇ ਅਤੇ ਇਕ ਕੇਂਦਰੀ ਸੰਸਥਾ ਵੀ। ਇਸ ਢਾਂਚੇ ਬਾਰੇ ਜੋ ਸੁਝਾਅ ਆਪ ਦੇਂਦੇ ਹੋ, ਉਸ ਦਾ ਵੇਰਵਾ ਦਿਓ।

(ਅ) ਜੇ ਆਪ ਕੇਂਦਰੀ ਬੋਰਡ ਅਤੇ ਹਰੇਕ ਪ੍ਰਾਂਤ ਲਈ ਸਟੇਟ ਬੋਰਡ ਦੇ ਹੱਕ ਵਿਚ ਹੋ ਤਾਂ ਇਹਨਾਂ ਦੋਹਾਂ ਬੋਰਡਾਂ ਦੇ ਅਧਿਕਾਰਾਂ ਦਾ ਵੇਰਵਾ ਦਿਓ।

(ੲ) ਕੇਂਦਰੀ ਬੋਰਡ ਅਤੇ ਸਟੇਟ ਬੋਰਡ, ਇਹਨਾਂ ਦੋਹਾਂ ਸੰਸਥਾਵਾਂ ਵਿਚੋਂ ਕਿਹੜੀ ਸੰਸਥਾ ਗੁਰਦਵਾਰਿਆਂ ਦੀ ਹੇਠ ਦਿਤੀ ਸ਼ਰੇਣੀ ਦਾ ਪ੍ਰਬੰਧ ਕਰੇ?

(i) ਇਤਿਹਾਸਕ ਗੁਰਦਵਾਰੇ ਅਤੇ ਹੋਰ ਭਾਰਤ-ਪ੍ਰਸਿਧੀ ਵਾਲੇ ਗੁਰਦਵਾਰੇ। ਆਪ ਦੇ ਪ੍ਰਾਂਤ ਵਿਚ ਜਾਂ ਬਾਹਰ ਜਿਹੜੇ ਅਜਿਹੇ ਗੁਰਦਵਾਰੇ ਹਨ, ਉਹਨਾਂ ਦੇ ਨਾਮ ਵਰਣਨ ਕਰੋ।

(ii) ਨੰਬਰ (i) ਵਿਚ ਆਏ ਗੁਰਦਵਾਰਿਆਂ ਤੋਂ ਇਲਾਵਾ ਗੁਰਦਵਾਰੇ, ਜਿਹੜੇ ਇਤਿਹਾਸਕ ਹਨ ਜਾਂ ਸਿਖ ਇਤਿਹਾਸ ਨਾਲ ਸੰਬੰਧਤ ਕਿਸੇ ਰਵਾਇਤ ਦੇ ਅਧਾਰ ਤੇ ਸਥਾਪਿਤ ਕੀਤੇ ਗਏ ਸਨ।

(iii) ਬਾਕੀ ਹੋਰ ਗੁਰਦਵਾਰੇ ਜੋ ਨਾ ਤਾਂ ਇਤਿਹਾਸਕ ਹਨ ਅਤੇ ਨਾ ਹੀ ਕਿਸੇ ਸਿੱਖੀ ਰਵਾਇਤ ਨਾਲ ਸਬੰਧਤ ਹਨ, ਪਰ ਮੂਲਕ ਤੌਰ ਤੇ ਸਿਖੀ ਪੂਜਾ-ਪਾਠ ਦੇ ਕੇਂਦਰ ਹਨ, ਭਾਵੇਂ ਉਹਨਾਂ ਦਾ ਨਾਮ ਕੁਝ ਵੀ ਹੈ।

## III—ਸਮੱਸਿਆਵਾਂ ਦਾ ਨਿਪਟਾਰਾ—

(ੳ) ਅਜਿਹੀਆਂ ਸੰਸਥਾਵਾਂ ਜੋ ਮੂਲਕ ਤੌਰ ਤੇ ਸਿਖੀ ਪੂਜਾ-ਪਾਠ ਦੇ ਅਸਥਾਨ ਹਨ, ਪਰ ਕਾਨੂੰਨ ਦੇ ਸਬੰਧਤ ਸ਼ਡੂਲ ਵਿਚ 'ਸਿਖ ਗੁਰਦਵਾਰੇ' ਕਰਕੇ ਦਰਜ ਨਹੀਂ, ਉਹਨਾਂ ਨੂੰ ਸ਼ਡੂਲ ਵਿਚ ਦਰਜ ਕਰਾਉਣ ਲਈ ਕਾਨੂੰਨ ਵਿਚ ਕਿਹੜੀਆਂ ਧਾਰਾਵਾਂ ਸ਼ਾਮਲ ਕੀਤੀਆਂ ਜਾਣ?

(ਅ) ਸੰਸਥਾਵਾਂ, ਜਿਨ੍ਹਾਂ ਬਾਰੇ ਕਾਨੂੰਨ ਪਾਸ ਹੋਣ ਮਗਰੋਂ 'ਸਿਖ ਗੁਰਦਵਾਰਾ' ਹੋਣਾ ਕਲੇਮ ਕੀਤਾ ਜਾਂਦਾ ਹੈ ਜਾਂ ਜੋ ਕਾਨੂੰਨ ਦੇ ਸ਼ਡੂਲ ਵਿਚ ਦਰਜ ਹਨ, ਜੇ ਉਹਨਾਂ ਬਾਰੇ ਕੋਈ ਝਗੜਾ ਉਤਪੰਨ ਹੋ ਜਾਵੇ ਤਾਂ ਉਸ ਦੇ ਨਿਪਟਾਰੇ ਦਾ ਕੀ ਵਿਧੀ-ਵਿਧਾਨ ਹੋਵੇ?

(ੲ) ਪੰਜਾਬ ਦੇ ਵਰਤਮਾਨ ਗੁਰਦਵਾਰਾ ਐਕਟ ਦੀਆਂ ਧਾਰਾਵਾਂ ਵਿਚ ਸੁਧਾਰ, ਜਿਹੜਾ ਤੁਹਾਡੀ ਜਾਚੇ ਜ਼ਰੂਰੀ ਹੈ?

(ਸ) ਖ਼ਾਸ ਕਰਕੇ ਜੇ ਕਿਸੇ ਗੁਰਦਵਾਰੇ, ਜੋ 'ਸਿਖ ਗੁਰਦਵਾਰਾ' ਕਰਕੇ ਕਾਨੂੰਨ ਦੇ ਸ਼ਡੂਲ ਵਿਚ ਦਰਜ ਹੈ, ਬਾਰੇ ਜੇ ਕੋਈ ਝਗੜਾ ਉਠ ਖਲੋਵੇ, ਕਿ ਇਹ ਸਿਖ ਗੁਰਦਵਾਰਾ ਨਹੀਂ ਸਗੋਂ ਕੁਝ ਹੋਰ ਹੈ, ਤਾਂ ਕੀ ਤੁਹਾਡੀ ਜਾਚੇ ਅਜਿਹਾ ਸਾਬਤ ਕਰਨ ਸਬੰਧੀ ਸਾਰਾ ਮੁਢਲਾ ਖ਼ਰਚਾ ਉਸ ਵਿਅਕਤੀ ਉਤੇ ਹੋਵੇ, ਜੋ ਝਗੜਾ ਕਰਦਾ ਹੈ?

(ਹ) ਕੀ ਸ਼ਡੂਲ ਵਿਚ ਆਏ ਗੁਰਦਵਾਰਿਆਂ ਦੀਆਂ ਦੋ ਵਖਰੀਆਂ ਸਰੇਣੀਆਂ ਹੋਣ?

**ਪਹਿਲੀ**—ਅਜਿਹੇ ਗੁਰਦਵਾਰੇ ਜਿਨ੍ਹਾਂ ਸੰਬੰਧੀ ਸ਼ਕ ਦੀ ਕੋਈ ਗੁੰਜਾਇਸ਼ ਨਹੀਂ ਕਿ ਇਹ ਸਿਖ ਗੁਰਦਵਾਰੇ ਹਨ [ਇਹ ਪੰਜਾਬ ਐਕਟ ਦੇ ਸ਼ਡੂਲ I ਵਿਚ ਦਰਜ ਹਨ]।

**ਦੂਜੀ**—ਜਿਸ ਵਿਚ ਅਜਿਹੇ ਗੁਰਦਵਾਰਿਆਂ ਦੇ ਨਾਮ ਦਰਜ ਹੋਣ ਜੋ ਸਪੱਸ਼ਟ ਤੌਰ ਤੇ ਸਿਖ



www.AKJ.Org

ਗੁਰਦਵਾਰੇ ਹਨ, ਪਰ ਜਿਨ੍ਹਾਂ ਬਾਰੇ ਕਾਨੂੰਨ ਲਾਗੂ ਹੋਣ ਦੇ 90 ਦਿਨਾਂ ਅੰਦਰ ਪੁਸ਼ਤਾਂ ਤੋਂ ਚਲੇ ਆ ਰਹੇ ਉਹਨਾਂ ਦੇ ਅਹੁਦੇਦਾਰਾਂ ਜਾਂ ਕੁਝ ਅਜਿਹੇ ਵਿਅਕਤੀਆਂ ਦੇ, ਜਿਹੜੇ ਅਜਿਹੀਆਂ ਸੰਸਥਾਵਾਂ ਦੇ ਪੂਜਕ ਅਖਵਾਉਂਦੇ ਹਨ ਤੇ ਜਿਨ੍ਹਾਂ ਨਾਲ ਸੰਸਥਾ ਸੰਬੰਧਤ ਮੰਨੀ ਜਾਂਦੀ ਹੈ, ਵਲੋਂ ਝਗੜੇ ਦੀ ਸੰਭਾਵਨਾ ਹੋ ਸਕਦੀ ਹੋਵੇ।

**ਤੀਜੀ**–ਉਹ ਸੰਸਥਾਵਾਂ ਜੋ ਕਾਨੂੰਨ ਪਾਸ ਹੋਣ ਤੋਂ ਮਗਰੋਂ ਸਿਖ ਗੁਰਦਵਾਰੇ ਕਰਕੇ ਮੰਨੀਆਂ ਜਾਣ।

(ਕ) ਕੀ ਤੁਹਾਡੀ ਜਾਚੇ, ਸੰਸਥਾਵਾਂ ਦੇ ਗੁਰਦਵਾਰੇ ਹੋਣ ਸਬੰਧੀ ਝਗੜਿਆਂ ਦਾ ਨਿਰਣਾ ਸਿੱਧਾ ਹਾਈ-ਕੋਰਟ ਛੇ ਮਹੀਨਿਆਂ ਜਾਂ ਸਾਲ ਵਿਚ ਕਰੇ, ਜਿਹਾ ਕਿ ਚੋਣ-ਪਟੀਸ਼ਨਾਂ ਸਬੰਧੀ ਹੈ ? ਕੀ ਤੁਹਾਡੇ ਜਾਚੇ ਅਜਿਹੇ ਫੈਸਲਿਆਂ ਦੀ ਅਪੀਲ ਸੁਪਰੀਮ ਕੋਰਟ ਵਿਚ ਹੋ ਸਕੇ ?

(ਖ) ਕੀ ਤੁਹਾਡੀ ਜਾਚੇ ਕਾਨੂੰਨ ਵਿਚ ਧਾਰਾ ਸ਼ਾਮਲ ਕਰ ਦਿਤੀ ਜਾਵੇ, ਕਿ ਜੇ ਕਿਸੇ ਹਾਈ ਕੋਰਟ ਵਿਚ ਕੋਈ ਸਿਖ ਜਜ ਹੈ ਤਾਂ ਸਾਧਾਰਨ ਤੌਰ ਤੇ ਅਜਿਹੇ ਝਗੜਿਆਂ ਦੇ ਨਿਪਟਾਰੇ ਲਈ ਉਸ ਨੂੰ ਬੈਂਚ ਵਿਚ ਸ਼ਾਮਲ ਕੀਤਾ ਜਾਵੇ ਤਾਂ ਜੁ ਉਸ ਦੇ ਸਿਖ ਧਰਮ ਅਤੇ ਸਿਖ ਇਤਿਹਾਸ ਦੀ ਜਾਣਕਾਰੀ ਦਾ ਲਾਭ ਉਠਾਇਆ ਜਾ ਸਕੇ ?

(ਗ) ਵਰਤਮਾਨ ਪੰਜਾਬ ਐਕਟ ਵਿਚ ਆਪ ਕਿਹੜੇ ਸੁਧਾਰ ਸੁਝਾਉਂਦੇ ਹੋ ?

## VI–ਗੁਰਦਵਾਰਿਆਂ ਦੇ ਪ੍ਰਬੰਧ ਲਈ ਬੋਰਡਾਂ ਦੀ ਨਿਯੁਕਤੀ ਦਾ ਤਰੀਕਾ–

(ੳ) ਕੀ ਆਪ ਚਾਹੁੰਦੇ ਹੋ ਕਿ ਸ਼੍ਰੋ: ਗੁ: ਪ੍ਰ: ਕਮੇਟੀ ਦੇ ਮੈਂਬਰਾਂ ਦੀ ਸਿਧੀ ਚੋਣ ਦਾ ਪ੍ਰਚਲਤ ਤਰੀਕਾ ਜਾਰੀ ਰਹੇ, ਜਾਂ ਆਪ ਇਸ ਵਿਚ ਕੁਝ ਤਬਦੀਲੀ ਦੀ ਲੋੜ ਸਮਝਦੇ ਹੋ ? ਨਿਗਰ ਸੁਝਾਅ ਦਿਓ ਜੀ।

(ਅ) ਕੀ ਤੁਸੀਂ ਚਾਹੁੰਦੇ ਹੋ ਕਿ ਸਟੇਟ ਬੋਰਡ ਚੁਣੇ ਜਾਣ ਅਤੇ ਸਟੇਟ ਬੋਰਡਾਂ ਦੇ ਪ੍ਰਤੀਨਿਧਾਂ ਵਲੋਂ ਕੇਂਦਰੀ ਬੋਰਡ ਦੀ ਸਥਾਪਨਾ ਹੋਵੇ। ਜੇ ਅਜਿਹਾ ਹੋਵੇ ਤਾਂ ਇਕ ਪ੍ਰਾਂਤ ਵਿਚੋਂ ਪ੍ਰਤੀਨਿਧਾਂ ਦੀ ਕਿੰਨੀ ਗਿਣਤੀ ਹੋਵੇ ? ਕੀ ਇਹ ਗਿਣਤੀ ਉਸ ਪ੍ਰਾਂਤ ਵਿਚ ਸਿਖ ਵਸੋਂ ਦੇ ਅਧਾਰ ਤੇ ਹੋਵੇ ? ਜਾਂ ਗੁਰਦਵਾਰਿਆਂ ਦੀ ਗਿਣਤੀ ਦੇ ਅਧਾਰ ਤੇ ? ਜਾਂ ਉਸ ਪ੍ਰਾਂਤ ਵਿਚਲੇ ਗੁਰ-ਦਵਾਰਿਆਂ ਦੀ ਆਮਦਨ ਦੇ ਅਧਾਰ ਤੇ ?

(ੲ) ਕੀ ਸਟੇਟ ਬੋਰਡਾਂ ਵਿਚ ਸਿਖਾਂ ਦੇ ਕਿਸੇ ਖ਼ਾਸ ਵਰਗ ਜਾਂ ਇਸਤਰੀਆਂ ਲਈ ਕੋਈ ਰਾਖਵੀਂ ਪ੍ਰਤੀਨਿਧਤਾ ਹੋਵੇ ? ਜੇ ਹੋਵੇ ਤਾਂ ਇਹ ਕੇਂਦਰੀ ਬੋਰਡ ਵਲੋਂ ਹੋਵੇ ਜਾਂ ਸਟੇਟ ਬੋਰਡ ਵਲੋਂ ? ਇਹ ਨਾਮਜ਼ਦਗੀ ਦੁਆਰਾ ਹੋਵੇ ਜਾਂ ਦੂਹਰੇ ਮੈਂਬਰਾਂ ਦੇ ਹਲਕੇ ਬਣਾ ਕੇ, ਇਕ ਖੁਲ੍ਹਾ ਅਤੇ ਦੂਜਾ ਰਾਖਵਾਂ ? ਨਿਗਰ ਸੁਝਾਅ ਦੇਵੋ।

(ਸ) ਜੇ ਕਿਸੇ ਸਟੇਟ ਵਿਚ ਉਪ੍ਰੋਕਤ ਤਿੰਨ ਸ਼ਰੇਣੀਆਂ ਦੇ ਗੁਰਦਵਾਰੇ ਜ਼ਿਆਦਾ ਗਿਣਤੀ ਵਿਚ ਹੋਣ ਤਾਂ ਕੀ ਇਹਨਾਂ ਗੁਰਦਵਾਰਿਆਂ ਦੇ ਪ੍ਰਬੰਧ ਲਈ ਲੋਕਲ ਕਮੇਟੀਆਂ ਬਣਾ ਦਿਤੀਆਂ ਜਾਣ, ਜੋ ਕੇਂਦਰੀ ਬੋਰਡ ਜਾਂ ਸਟੇਟ ਬੋਰਡ ਦੇ ਸਿੱਧੇ ਪ੍ਰਬੰਧ ਥਲੇ ਹੋਣ ?

(ਹ) ਜੇ ਇੰਜ ਹੋਵੇ ਤਾਂ ਕੀ ਤੁਹਾਡੀ ਜਾਚੇ ਇਹ ਲੋਕਲ ਕਮੇਟੀਆਂ, (i) ਸਟੇਟ ਬੋਰਡ ਵਲੋਂ ਨਾਮਜ਼ਦਗੀ ਦੁਆਰਾ ਬਣਾਈਆਂ ਜਾਣ ? (ii) ਚੋਣ ਦੁਆਰਾ ? ਜਾਂ (iii) ਕੁਝ ਮੈਂਬਰ ਚੋਣ ਦੁਆਰਾ ਅਤੇ ਕੁਝ ਨਾਮਜ਼ਦਗੀ ਦੁਆਰਾ ? ਜਾਂ (iv) ਇਹਨਾਂ ਸੰਸਥਾਵਾਂ ਦੇ ਪ੍ਰਧਾਨ ਚੁਣ ਲਏ ਜਾਣ ਅਤੇ ਮਗਰੋਂ ਕੁਝ ਮੈਂਬਰ ਪ੍ਰਧਾਨ ਨਾਮਜਦ ਕਰ ਦੇਵੇ ਅਤੇ ਕੁਝ ਸਟੇਟ ਬੋਰਡ ? ਨਿਗਰ ਸੁਝਾਅ ਦੇਵੋ।

## V–ਕੰਟਰੋਲ–

(1) ਲੋਕਲ ਕਮੇਟੀਆਂ ਉਤੇ ਸਟੇਟ ਬੋਰਡ ਦੇ ਅਤੇ ਸਟੇਟ ਬੋਰਡ ਉਤੇ ਕੇਂਦਰੀ ਬੋਰਡ ਦੇ ਕੰਟਰੋਲ਼ ਲਈ ਕੀ ਅਧਿਕਾਰ ਹੋਣ ?

(2) ਜੇ ਕੋਈ ਲੋਕਲ ਕਮੇਟੀ ਆਪਣੀ ਡਿਊਟੀ ਯੋਗ ਤਰੀਕੇ ਨਾਲ ਨਿਭਾਣ ਤੋਂ ਅਸਫਲ ਰਹੇ ਜਾਂ ਸੰਸਥਾ ਦੇ ਹਿਤਾਂ ਵਿਰੁਧ ਕਾਰਵਾਈ ਕਰੇ ਤਾਂ ਕੀ ਸਟੇਟ ਬੋਰਡ ਨੂੰ ਅਧਿਕਾਰ ਹੋਵੇ ਕਿ ਉਹ ਇਸ ਨੂੰ ਮਨਸੂਖ ਕਰ ਦੇਵੇ ਅਤੇ ਗੁਰਦੁਆਰੇ ਦਾ ਪ੍ਰਬੰਧ ਸਿਧੇ ਤੌਰ ਤੇ ਮੈਨੇਜਰ ਰਾਹੀਂ ਜਾਂ ਸਬ-ਕਮੇਟੀ ਰਾਹੀਂ ਜਾਂ ਆਪਣੇ ਮੈਂਬਰਾਂ ਦੀ ਐਡ-ਹਾਕ ਕਮੇਟੀ ਰਾਹੀਂ ਕਰਵਾਵੇ, ਜਿਸ ਵਿਚ ਕੋਈ ਲੋਕਲ ਬੰਦਾ ਮੈਂਬਰ ਸ਼ਾਮਲ ਕੀਤਾ ਜਾਵੇ ਭਾਵੇਂ ਨਾ ?

(3) ਕੀ ਉਪ੍ਰੋਕਤ ਹਾਲਾਤ ਵਿਚ ਤੁਹਾਡੀ ਜਾਚੇ ਕੇਂਦਰੀ ਬੋਰਡ ਨੂੰ ਅਧਿਕਾਰ ਹੋਵੇ ਕਿ ਉਹ ਸਟੇਟ ਬੋਰਡ ਨੂੰ ਭੰਗ ਜਾਂ ਮਨਸੂਖ ਕਰ ਕੇ ਇਸ ਦੇ ਕਰਤਵ ਆਪਣੇ ਹਥਾਂ ਵਿ ਜ ਲੈ ਲਵੇ ?

(4) ਮਿਸਾਲ ਵਜੋਂ ਜੋ ਐਕਟ ਦੇ ਅਧੀਨ ਗੁਰਦਵਾਰੇ ਦੀ ਜਾਇਦਾਦ ਸਬੰਧੀ ਲੋਕਲ ਕਮੇਟੀ ਵਲੋਂ।



www.AKJ.Org

ਕੁਝ ਦਾਅਵੇ ਦਾਇਰ ਕਰਨੇ ਜ਼ਰੂਰੀ ਹੋਣ ਜਾਂ ਕੁਝ ਹੋਰ ਕਾਰਜ ਕਰਨਾ ਉਚਿਤ ਹੋਵੇ ਤਾਂ ਕੀ ਤੁਹਾਡੇ ਵਿਚਾਰ ਵਿਚ ਸਟੇਟ ਬੋਰਡ ਅਤੇ/ਜਾਂ ਕੇਂਦਰੀ ਬੋਰਡ ਨੂੰ ਦਖ਼ਲ ਦੇ ਕੇ ਕਾਰਵਾਈ ਕਰਨ ਦਾ ਅਧਿਕਾਰ ਹੋਵੇ, ਓਦੋਂ ਜਦੋਂ ਕਿ ਲੋਕਲ ਕਮੇਟੀ ਜਾਂ ਸਟੇਟ ਬੋਰਡ ਅਜਿਹਾ ਕਰਨੋਂ ਅਸਫਲ ਰਹੇ ?

## 6. ਯੋਗਤਾਵਾਂ/ਅਯੋਗਤਾਵਾਂ—

ਤੁਹਾਡੀ ਜਾਚੇ ਕਿਹੜੀਆਂ ਯੋਗਤਾਵਾਂ/ਅਯੋਗਤਾਵਾਂ ਹੋਣੀਆਂ ਚਾਹੀਦੀਆਂ ਹਨ :—

(i) ਕੇਂਦਰੀ ਬੋਰਡ ਜਾਂ ਸਟੇਟ ਬੋਰਡ ਜਾਂ ਲੋਕਲ ਕਮੇਟੀ ਦੇ ਮੈਂਬਰ ਬਣਨ ਲਈ ? ਕੀ ਇਹਨਾਂ ਤਿੰਨਾਂ ਵਿਚੋਂ ਹਰ ਕਿਸੇ ਲਈ ਵਖਰੀਆਂ ਯੋਗਤਾਵਾਂ ਹੋਣੀਆਂ ਚਾਹੀਦੀਆਂ ਹਨ ? ਵੇਰਵਾ ਦਿਓ ।

(ii) ਸਟੇਟ ਬੋਰਡ ਦੀ ਚੋਣ ਲਈ ਵੋਟ ਦਾ ਅਧਿਕਾਰ ਕਿਸ ਨੂੰ ਹੋਵੇ ?

(iii) ਇਹਨਾਂ ਬੋਰਡਾਂ ਅਤੇ ਕਮੇਟੀਆਂ ਦੇ ਅਹੁਦੇਦਾਰਾਂ ਦੀਆਂ ਕੀ ਯੋਗਤਾਵਾਂ ਹੋਣ ?

## VII—ਪੰਜਾਬ ਐਕਟ ਵਿਚ ਖ਼ਾਮੀਆਂ—

(i) ਕੀ ਆਪ ਵਰਤਮਾਨ ਪੰਜਾਬ ਐਕਟ ਵਿਚ ਕੁਝ ਖ਼ਾਮੀਆਂ ਦਾ ਜ਼ਿਕਰ ਕਰੋਗੇ ਜਿਹੜੀਆਂ ਪ੍ਰਸਤਾਵਿਤ ਐਕਟ ਵਿਚ ਦੂਰ ਕੀਤੀਆਂ ਜਾਣ ?

(ii) ਜੇ ਹਨ ਤਾਂ ਉਹਨਾਂ ਦੇ ਸੁਧਾਰ ਲਈ ਸੁਝਾਅ ।

## VIII—ਧਾਰਮਿਕ ਮਰਯਾਦਾ—

(ੳ) ਕੀ ਤੁਸਾਡੀ ਜਾਚੇ ਸਾਰੇ ਗੁਰਦਵਾਰਿਆਂ ਵਿਚ ਪੂਜਾ-ਪਾਠ ਦੇ ਢੰਗ ਵਿਚ ਇਕਸਾਰਤਾ ਹੋਣੀ ਚਾਹੀਦੀ ਹੈ ?

(ਅ) ਜੇ ਇੰਜ ਹੋਣਾ ਜ਼ਰੂਰੀ ਹੈ ਤਾਂ ਗੁਰਦਵਾਰੇ ਦੀ ਘਟੋ ਘਟ ਜ਼ਰੂਰੀ ਮਰਯਾਦਾ ਕੀ ਹੋਵੇ ?

(ੲ) ਕਿਹੜੀਆਂ ਹੋਰ ਰਸਮਾਂ ਹਨ ਜਿਹੜੀਆਂ ਲੋਕਲ ਪ੍ਰਭਾਵਾਂ ਜਾਂ ਵਾਤਾਵਰਣ ਦੇ ਕਾਰਨ ਕੁਝ ਗੁਰਦਵਾਰਿਆਂ ਵਿਚ ਕੀਤੀਆਂ ਜਾਂਦੀਆਂ ਹਨ ਪਰ ਸਤਿਗੁਰਾਂ ਦੇ ਮੁਢਲੇ ਉਪਦੇਸ਼ਾਂ ਅਤੇ ਸਿਖੀ ਰਵਾਇਤਾਂ ਦੇ ਉਲਟ ਹੋਣ ਦੇ ਕਾਰਨ ਮਨਾਹੀ ਕੀਤੇ ਜਾਣ ਯੋਗ ਹਨ ?

(ਸ) ਕੀ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਪ੍ਰਚਲਤ ਮਰਯਾਦਾ ਮਾਡਲ ਮੰਨ ਲਈ ਜਾਵੇ ?

(ਹ) ਕੀ ਤੁਹਾਡੀ ਜਾਚੇ ਕੁਝ ਗੁਰਪੁਰਬ ਜਾਂ ਹੋਰ ਤਿਉਹਾਰ ਅਜਿਹੇ ਹਨ ਜਿਹੜੇ ਹਰੇਕ ਗੁਰਦਵਾਰੇ ਵਿਚ ਘਟੋ ਘਟ ਮਨਾਏ ਜਾਣੇ ਜ਼ਰੂਰੀ ਹਨ ? ਇਹ ਕਿਹੜੇ ਗੁਰਪੁਰਬ ਜਾਂ ਤਿਉਹਾਰ ਹਨ ? ਕੀ ਇਹ ਕਾਨੂੰਨ ਜਾਂ ਨਿਯਮਾਂ ਵਿਚ ਸਪੱਸ਼ਟ ਤੌਰ ਤੇ ਵਰਨਣ ਕੀਤੇ ਜਾਣ ।

## IX—

(ੳ) ਕੀ ਕੋਈ ਕੇਂਦਰੀ ਧਾਰਮਿਕ ਸੰਸਥਾ ਸਥਾਪਤ ਕਰਨੀ ਜ਼ਰੂਰੀ ਹੈ ਜਿਸ ਪਾਸ ਧਾਰਮਿਕ ਰਸਮਾਂ ਜਾਂ ਮਾਮਲਿਆਂ ਬਾਰੇ ਝਗੜੇ ਪੇਸ਼ ਕੀਤੇ ਜਾਇਆ ਕਰਨ ਅਤੇ ਜਿਸਦਾ ਫ਼ੈਸਲਾ ਅੰਤਮ ਸਮਝ ਕੇ ਦੇਸ ਪ੍ਰਦੇਸ ਵਿਚ ਵਸਦੀ ਸਾਰੀ ਸਿਖ ਕੌਮ ਉਤੇ ਲਾਗੂ ਹੋਵੇ ?

(ਅ) ਇਸ ਸੰਸਥਾ ਦੀ ਕੀ ਬਣਤਰ ਹੋਵੇ ? ਨਿਗਰ ਸੁਝਾ ਦਿਓ ।

## X—

ਕੀ ਕੇਂਦਰੀ ਬੋਰਡ ਨੂੰ ਅਧਿਕਾਰ ਹੋਵੇ ਕਿ ਉਹ ਸਟੇਟ ਬੋਰਡਾਂ ਨੂੰ ਹਦਾਇਤਾਂ ਜਾਰੀ ਕਰ ਸਕੇ ਅਤੇ ਸਟੇਟ ਬੋਰਡ ਲੋਕਲ ਕਮੇਟੀਆਂ ਨੂੰ, ਜਿਵੇਂ ਕਿ :—

(ੳ) ਪਰਚਾਰ, ਕੌਮ ਦੇ ਕਮਜ਼ੋਰ ਵਰਗ ਨੂੰ ਚੁਕਣ ਲਈ ਅਤੇ ਧਰਮ ਅਤੇ ਧਰਮ-ਅਰਥ ਮੰਤਵਾਂ ਲਈ ਖ਼ਰਚੇ ਦੀ ਮਾਤਰਾ ਬਾਰੇ ਸੇਧਾਂ ।

(ਅ) ਜ਼ਰੂਰੀ ਰਸਮਾਂ ਅਤੇ ਮਰਯਾਦਾ ਨੂੰ ਪ੍ਰਚਲਤ ਕਰਨ ਅਤੇ ਗੁਰਮਤਿ ਵਿਰੁਧ ਰੀਤੀਆਂ ਨੂੰ ਦੂਰ ਕਰਨ ਲਈ ਸੇਧਾਂ,

(ੲ) ਕਿਸੇ ਅਜਿਹੇ ਪ੍ਰਸਤਾਵਿਤ ਖ਼ਰਚੇ ਦੀ ਮਨਾਹੀ ਕਰਨ ਸਬੰਧੀ ਜਿਹੜਾ ਸਿਖੀ ਦੇ ਮੁਢਲੇ ਸਿਧਾਂਤਾਂ ਦੇ ਉਲਟ ਹੋਵੇ ਜਾਂ ਲੋਕਲ ਕਮੇਟੀਆਂ ਜਾਂ ਸਟੇਟ ਬੋਰਡ ਦੇ ਅਧਿਕਾਰ-ਖੇਤਰ ਤੋਂ ਬਾਹਰ ਹੋਵੇ ?

## XI—

(ੳ) ਕੀ ਕੇਂਦਰੀ ਬੋਰਡ ਜਾਂ ਸਟੇਟ ਬੋਰਡ ਦੇ ਸਿਧੇ ਪ੍ਰਬੰਧ ਹੇਠ ਹਰੇਕ ਗੁਰਦਵਾਰੇ ਵਿਚ ਪੋਸਟਾਂ ਉਤੇ ਯੋਗ ਬੰਦੇ ਲਗਾਉਣ ਲਈ ਗਰੰਥੀਆਂ, ਰਾਗੀਆਂ, ਮੈਨੇਜਰਾਂ ਆਦਿ ਲਈ ਸਰਬ ਹਿੰਦ ਸੇਵਾਵਾਂ ਦਾ ਕਾਡਰ (ਸਕੀਮ) ਬਣਾਇਆ ਜਾਣਾ ਜ਼ਰੂਰੀ ਹੈ ? ਉਹ ਕਿਹੜੀਆਂ ਕਿਹੜੀਆਂ ਪੋਸਟਾਂ ਹੋਣ ?

(ਅ) ਇਹਨਾਂ ਨੂੰ ਭਰਤੀ ਕੌਣ ਕਰੇ ਅਤੇ ਟਰੇਨਿੰਗ

www.AKJ.Org



www.AKJ.Org

ਕੌਣ ਦੇਵੇ ?

(ੲ) ਕੀ ਉਹਨਾਂ ਦੀਆਂ ਸੇਵਾਵਾਂ ਦੀਆਂ 'ਸ਼ਰਤਾਂ ਤੇ ਸਮਾਂ' ਦੇ ਸਬੰਧ ਵਿਚ ਕਾਨੂੰਨ ਵਿਚ ਸਪੱਸ਼ਟ ਧਾਰਾਵਾਂ ਪਾ ਦਿਤੀਆਂ ਜਾਣ ਅਤੇ ਉਹ ਉਦੋਂ ਤਕ ਹਟਾਏ ਨਾ ਜਾ ਸਕਣ (ਰਿਟਾਇਰ ਹੋਣ ਜਾਂ ਅਸਤੀਫਾ ਦੇਣ ਤਕ) ਜਦੋਂ ਤਕ ਕੇਂਦਰੀ ਬੋਰਡ ਦੇ ਮੈਂਬਰਾਂ ਦੀ 75 ਫ਼ੀ ਸਦੀ ਬਹੁ-ਸੰਮਤੀ ਦਾ ਮਤਾ ਇਸ ਸਬੰਧ ਵਿਚ ਨਾ ਹੋਵੇ ? ਹਾਈ ਕੋਰਟ ਦੇ ਜਜ ਨੂੰ ਹਟਾਏ ਜਾਣ ਦੀ ਮਰਯਾਦਾਵਾਂਗ।

(ਸ) ਏਸੇ ਤਰ੍ਹਾਂ ਕੀ ਹਰੇਕ ਸਟੇਟ ਲਈ ਜਾਂ ਸਟੇਟਾਂ ਦੇ ਗਰੁਪਾਂ ਲਈ (ਜਿਥੇ ਥੋੜੇ ਗੁਰਦਵਾਰੇ ਹੋਣ) ਗ੍ਰੰਥੀਆਂ, ਮੈਨੇਜਰਾਂ, ਲੇਖਾ-ਕਾਰਾਂ, ਰਾਗੀਆਂ ਆਦਿ ਲਈ ਸਟੇਟ ਸੇਵਾਵਾਂ ਦਾ ਕਾਡਰ (ਸਕੀਮ) ਬਣਾਏ ਜਾਣ ਦੀ ਲੋੜ ਹੈ, ਜਿਹੜੇ ਸਟੇਟ ਵ੍ਰਿਚ ਇਕ ਸੰਸਥਾ ਵਿਚੋਂ ਦੂਜੀ ਵਿਚ ਤਬਦੀਲ ਹੋ ਸਕਣ ਅਤੇ ਉਹਨਾਂ ਦੀਆਂ ਸੇਵਾਵਾਂ ਸਬੰਧੀ ਚੰਗੀ ਤਰ੍ਹਾਂ ਨਿਰਧਾਰਤ ਸੇਵਾ-ਨਿਯਮਾਵਲੀ ਹੋਵੇ ? ਉਹ ਕਿਹੜੀਆਂ ਪੋਸਟਾਂ ਹੋਣ ਜਿਨ੍ਹਾਂ ਤੇ ਇਸ ਤਰ੍ਹਾਂ ਵਿਅਕਤੀ ਨਿਯੁਕਤ ਕੀਤੇ ਜਾਣ ?

(ਹ) ਕੀ ਇਹਨਾਂ ਉਪ੍ਰੋਕਤ ਸੇਵਾਵਾਂ ਲਈ ਜਾਂ ਇਹਨਾਂ ਤੋਂ ਛੁਟ ਹੋਰ ਸੇਵਾਵਾਂ ਲਈ ਕੁਝ ਮੁਢਲੀਆਂ ਯੋਗਤਾਵਾਂ ਹਨ ਜੋ ਕਾਨੂੰਨ ਵਿਚ ਨਿਸ਼ਚਿਤ ਕੀਤੀਆਂ ਜਾਣੀਆਂ ਜ਼ਰੂਰੀ ਹਨ ? ਇਹਨਾਂ ਨੂੰ ਕੌਣ ਨਿਯੁਕਤ ਕਰੇ ਅਤੇ ਕਿਵੇਂ ?

## XII—

ਸੁਝਾ ਦਿਤਾ ਗਿਆ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਇਕ ਪੁਸਤਕ ਨਹੀਂ, ਸਗੋਂ ਸਿਖਾਂ ਦੇ ਜੁਗੋ ਜੁਗ ਅਟੱਲ ਸਤਿਗੁਰੂ ਹਨ। ਇਹਨਾਂ ਦੀ ਛਪਾਈ, ਪ੍ਰਕਾਸ਼ਨਾ ਅਤੇ ਵੰਡ ਕੇਂਦਰਤ ਕੀਤੀ ਜਾਵੇ ਅਤੇ ਇਕ ਸੁਤੰਤਰ ਟਰੱਸਟ ਜਾਂ ਕਾਰਪੋਰੇਸ਼ਨ ਕਾਨੂੰਨ ਦੇ ਅਧਾਰ ਤੇ ਬਣਾਇਆ ਜਾਵੇ ਜਾਂ ਜਿਸਨੂੰ ਕੇਂਦਰੀ ਬੋਰਡ ਇਸ ਮੰਤਵ ਲਈ ਬਣਾਵੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ, ਜਿਲਦ-ਬੰਦੀ ਅਤੇ ਸ਼ਰਧਾਲੂ ਸਿਖਾਂ ਵਿਚ ਵੰਡ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸ਼ਾਨ ਦੇ ਮੁਤਾਬਕ ਹੋਵੇ।

ਕੀ ਤੁਸੀਂ ਸਹਿਮਤ ਹੋ ਕਿ ਭਾਰਤ ਭਰ ਵਿਚ ਪ੍ਰਾਈਵੇਟ ਪ੍ਰਕਾਸ਼ਕਾਂ ਜਾਂ ਹੋਰ ਸੰਸਥਾਵਾਂ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾ ਦੀ ਛਪਾਈ ਦੀ ਕਾਨੂੰਨੀ ਮਨਾਹੀ ਕਰ ਦਿਤੀ ਜਾਵੇ ਅਤੇ ਇਹ ਕੰਮ ਇਕ ਟਰੱਸਟ ਨੂੰ ਸੌਂਪਿਆ ਜਾਵੇ, ਜਿਸ ਦੀ ਸਥਾਪਨਾ ਸੈਂਟਰਲ ਬੋਰਡ ਕਰੇ ਜਾਂ ਕਾਨੂੰਨ ਰਾਹੀਂ ਕੀਤੀ ਜਾਵੇ ?

ਕੀ ਤੁਸੀਂ ਸਹਿਮਤ ਹੋ ਕਿ ਪ੍ਰਾਈਵੇਟ ਪ੍ਰਕਾਸ਼ਕਾਂ ਪਾਸ ਜੋ ਬੀੜਾਂ ਇਸ ਵੇਲੇ ਹਨ, ਉਹ ਟਰੱਸਟ ਵਲੋਂ ਲੈ ਲਈਆਂ ਜਾਣ ਅਤੇ ਉਹਨਾਂ ਨੂੰ ਬੀੜਾਂ ਦੀ ਕੀਮਤ ਤੇ ਇਹਨਾਂ ਵਿਚ ਗਲਤੀਆਂ ਨੂੰ ਮੁਖ ਰਖਦਿਆਂ ਇਵਜ਼ਾਨਾ ਦਿਤਾ ਜਾਵੇ।

## XIII—ਆਰਥਕ—

ਕੀ ਆਡੀਟਰ ਜਨਰਲ ਆਫ਼ ਇੰਡੀਆ ਦੀਆਂ ਲਾਈਨਾਂ ਤੇ ਗੁਰਦਵਾਰਿਆਂ ਦੇ ਚੀਫ਼ ਆਡੀਟਰ ਦੀ ਨਿਯੁਕਤੀ ਲਈ ਕਾਨੂੰਨ ਵਿਚ ਧਾਰਾ ਸ਼ਾਮਲ ਕਰ ਦਿਤੀ ਜਾਵੇ, ਜਿਸ ਨੂੰ ਸੈਂਟਰਲ ਬੋਰਡ ਅਤੇ ਸਟੇਟ ਬੋਰਡ ਅਤੇ ਲੋਕਲ ਕਮੇਟੀਆਂ ਦੇ ਆਰਥਕ ਪ੍ਰਬੰਧ ਦੇ ਆਡਿਟ ਦੇ ਸਮੁਚੇ ਅਧਿਕਾਰ ਦੇ ਦਿਤੇ ਜਾਣ ?

ਕੀ ਹਰੇਕ ਸਟੇਟ ਬੋਰਡ ਦਾ ਆਪਣਾ ਵਖਰਾ ਆਡਿਟ ਮਹਿਕਮਾ ਹੋਵੇ, ਜਿਹੜਾ ਚੀਫ਼ ਆਡੀਟਰ ਦੇ ਕੰਟਰੋਲ ਹੇਠ ਹੋਵੇ ?

## XIV—

(ੳ) ਕੀ ਸਟੇਟ ਬੋਰਡਾਂ ਅਤੇ ਕੇਂਦਰੀ ਬੋਰਡ ਦੀ ਆਮਦਨ ਦੀ ਪਰਚਾਰ ਉਤੇ ਖ਼ਰਚ ਕੀਤੀ ਜਾਣ ਵਾਲੀ ਮਾਤਰਾ ਸਬੰਧੀ ਕਾਨੂੰਨ ਵਿਚ ਧਾਰਾ ਪਾਈ ਜਾਣੀ ਜ਼ਰੂਰੀ ਹੈ ?

(ਅ) ਕੇਂਦਰੀ ਬੋਰਡ ਦੀ ਆਮਦਨ ਦਾ ਸਾਧਨ ਕੀ ਹੋਵੇ ?

(ੲ) ਕੀ ਸਟੇਟ ਬੋਰਡ ਆਪਣੀ ਆਮਦਨ ਦਾ ਕੁਝ ਹਿੱਸਾ ਕੇਂਦਰੀ ਬੋਰਡ ਨੂੰ ਦੇਣ ?

(ਸ) ਕੀ ਸੈਂਟਰਲ ਅਤੇ ਸਟੇਟ ਬੋਰਡਾਂ ਉਤੇ ਕਾਨੂੰਨਨ ਇਹ ਡੀਊਟੀ ਪਾਈ ਜਾਵੇ ਕਿ ਸਾਰੇ ਗੁਰਦਵਾਰਿਆਂ ਦੀ ਦੇਖ-ਭਾਲ਼ ਅਤੇ ਮੁਰੰਮਤ ਆਦਿ ਉਹਨਾਂ ਦੀ ਆਮਦਨ ਦਾ ਖਿਆਲ ਨਾ ਰਖਦਿਆਂ ਹੋਇਆਂ ਕੀਤੀ ਜਾਵੇ ? ਕੀ ਤੁਸੀਂ ਸਹਿਮਤ ਹੋ ਕਿ ਗੁਰਦਵਾਰਿਆਂ ਦੀ ਇਤਿਹਾਸਕ ਮਹੱਤਤਾ ਨੂੰ ਜ਼ਿਆਦਾ ਮਹਾਨਤਾ ਦੇਣੀ ਚਾਹੀਦੀ ਹੈ, ਨਾ ਕਿ ਉਹਨਾਂ ਦੀ ਆਮਦਨ ਨੂੰ ?

(ਹ) ਹੋਰ ਆਰਥਕ ਧਾਰਾਵਾਂ, ਜਿਹੜੀਆਂ ਆਪ ਕਾਨੂੰਨ ਵਿਚ ਸ਼ਾਮਲ ਕਰਨੀਆਂ ਜ਼ਰੂਰੀ ਸਮਝਦੇ ਹੋ।

## XV—

ਕੀ ਕਾਨੂੰਨ ਵਿਚ ਕੋਈ ਅਜਿਹੀ ਧਾਰਾ ਸ਼ਾਮਲ ਕਰਨੀ ਜ਼ਰੂਰੀ ਹੈ ਜਿਸ ਦੇ ਆਧਾਰ ਤੇ



www.AKJ.Org

ਕੇਂਦਰੀ ਬੋਰਡ ਜਾਂ ਸਟੇਟ ਬੋਰਡ ਕੁਝ ਅਜਿਹੀਆਂ ਸਿਖ ਸੰਸਥਾਵਾਂ ਨੂੰ ਆਪਣੇ ਨਾਲ ਸੰਮਿਲਤ ਕਰ ਸਕੇ. ਜਿਨ੍ਹਾਂ ਦੇ ਆਪਣੇ ਟਰੱਸਟ ਜਾਂ ਮੈਨਿਜਮੈਂਟ-ਬੋਰਡ ਪ੍ਰਬੰਧ ਕਰ ਰਹੇ ਹੋਣ ਅਤੇ ਜਿਹੜੀਆਂ ਉਸ ਮਾਪ ਨਾਲ ਚਲਣ ਲਈ ਸਹਿਮਤ ਹੋਣ ਜਿਹੜਾ ਕਿ ਕਾਨੂੰਨ ਅਨੁਸਾਰ ਬਣੇ ? ਸੈਂਟਰਲ ਬੋਰਡ, ਸਟੇਟ ਬੋਰਡ ਜਾਂ ਉਚ ਪਧਰੀ ਧਾਰਮਕ ਬਾਡੀ ਉਹਨਾਂ ਦੀ ਆਮਦਨੀ ਤੇ ਖ਼ਰਚੇ ਦੇ ਆਡਿਟ, ਬਜਟ ਦੀ ਛਾਣ ਬੀਣ, ਪ੍ਰਚਾਰ, ਨਿਤਾਪ੍ਰਤਿ ਦਾ ਪ੍ਰੋਗਰਾਮ ਅਤੇ ਧਾਰਮਕ ਰਸਮਾਂ ਸਬੰਧੀ ਨਿਸਚਤ ਕਰੇ ਅਤੇ ਜਿਹੜੀਆਂ ਗੁਰਮਤਿ ਦੇ ਅਨੁਸ਼ਾਸਣ ਮੁਤਾਬਕ ਚਲਣਾ ਪ੍ਰਵਾਨ ਕਰ ਲੈਣ ? ਜੇ ਤੁਹਾਡਾ ਜਵਾਬ ਹਾਂ ਵਿਚ ਹੈ ਤਾਂ ਨਿਗਰ ਸੁਝਾਅ ਦਿਓ ।

**xvi– ਕਾਨੂੰਨ ਦੀਆਂ ਧਾਰਾਵਾਂ ਤਰਮੀਮ ਲਈ–**

ਕੀ ਕਾਨੂੰਨ ਵਿਚ ਇਹ ਧਾਰਾ ਪਾਈ ਜਾਣੀ ਜ਼ਰੂਰੀ ਹੈ ਕਿ ਇਸ ਐਕਟ ਵਿਚ ਕੋਈ ਤਰਮੀਮ ਨਹੀਂ ਹੋ ਸਕਦੀ, ਸਿਵਾਏ ਇਸ ਦੇ ਕਿ ਜਦੋਂ ਸੈਂਟਰਲ ਬੋਰਡ ਇਸ ਮੰਤਵ ਲਈ 21 ਦਿਨਾਂ ਦਾ ਨੋਟਿਸ ਦੇ ਕੇ ਮੀਟਿੰਗ ਬੁਲਾਵੇ ਅਤੇ ਉਸ ਦੇ ਮੈਂਬਰਾਂ ਦੀ 3/4 ਬਹੁ-ਗਿਣਤੀ ਉਸ ਨੂੰ ਪਾਸ ਕਰੇ ?

ਜੇ ਆਪ ਦਾ ਕੋਈ ਹੋਰ ਨਿਗਰ ਸੁਝਾਅ ਹੋਵੇ ਤਾਂ ਲਿਖ ਭੇਜੋ ।

**xvii–**

ਕੀ ਆਪ ਜੀ ਦਾ ਕੋਈ ਹੋਰ ਸੁਝਾਅ ਵੀ ਹੈ ?

**xviii–**

ਕੀ ਤੁਸੀਂ ਕਿਸੇ ਮਸਲੇ ਬਾਰੇ ਕਮੇਟੀ ਨਾਲ ਨਿਜੀ ਤੌਰ ਤੇ ਵਿਚਾਰ ਵਟਾਂਦਰਾ ਕਰਨਾ ਚਾਹੋਗੇ ? ਅਤੇ ਕੀ ਆਪ ਇਸ ਕਾਰਜ ਲਈ ਚੰਡੀਗੜ੍ਹ ਆ ਸਕੋਗੇ ? ਜਾਂ ਤੁਸੀਂ ਇਹ ਚਾਹੋਗੇ ਕਿ ਕਮੇਟੀ ਜਾਂ ਇਸਦਾ ਕੋਈ ਮੈਂਬਰ ਆਪ ਦੀ ਸਟੇਟ ਦੀ ਰਾਜਧਾਨੀ ਜਾਂ ਕਿਸੇ ਹੋਰ ਯੋਗ ਥਾਂ ਤੇ ਪੁਜ ਕੇ ਵਿਚਾਰ-ਵਟਾਂਦਰਾ ਕਰੇ ?

---

# ਰਿਸ਼ਤੇ ਨਾਤੇ

ਫ਼ਾਰਮ ਨੰ: 64–ਇਕ 26 ਸਾਲਾ ਅੰਮ੍ਰਿਤਧਾਰੀ ਫ਼ੌਜੀ ਸਿੰਘ ਕੱਦ 5 ਫ਼ੁਟ 5 ਇੰਚ, ਤਨਖ਼ਾਹ 500 ਰੁਪਏ ਬੀ. ਏ. ਪਾਸ ਟਾਈਪਿਸਟ ਲਈ ਘਟੋ ਘਟ ਬੀ. ਏ. ਪਾਸ, ਅੰਮ੍ਰਿਤਧਾਰੀ ਕੇਸਕੀ ਸੰਜੁਗਤ ਬੀਬੀ ਦੀ ਲੋੜ ਹੈ ।

ਫ਼ਾਰਮ ਨੰ: 65–ਇਕ 25 ਸਾਲਾ ਕੱਦ 5 ਫ਼ੁਟ 8 ਇੰਚ, ਬੀ. ਏ. ਹਿੱਸਾ 1 ਪਾਸ ਟੀਚਰ, ਤਨਖ਼ਾਹ 484/– ਰੁਪਏ, ਲਈ ਇਕ ਅਧਿਆਪਕਾ ਦੀ ਲੋੜ ਹੈ ।

ਫ਼ਾਰਮ ਨੰ: 66–ਇਕ 30 ਸਾਲਾ ਸਿੰਘ ਕੱਦ 5 ਫ਼ੁਟ 4 ਇੰਚ, ਮੈਟ੍ਰਿਕ ਜੇ. ਬੀ. ਟੀ. ਟੀਚਰ ਤਨਖ਼ਾਹ 464/– ਰੁਪਏ, ਪਰ ਇਕ ਲੱਤ ਮਾਮੂਲੀ ਜਿਹੀ ਸੁੱਕੀ ਹੋਈ, ਲਈ ਘਟੋ ਘਟ ਚੋਥੀ ਪਾਸ ਸਿੰਘਣੀ ਦੀ ਲੋੜ ਹੈ ।

ਫ਼ਾਰਮ ਨੰ: 67–ਇਕ ਸਾਢੇ ਚਵੀ ਸਾਲਾ ਅੰਮ੍ਰਿਤਧਾਰੀ ਬੀਬੀ, ਬੀ. ਏ. ਪਾਸ ਤੇ ਕੀਰਤਨ-ਪਾਠ ਕਰਨ ਵਾਲੀ ਕੱਦ 5 ਫ਼ੁਟ 2 ਇੰਚ, ਲਈ ਤਿਆਰ-ਬਰ-ਤਿਆਰ ਗੁਰਮੁਖ ਪ੍ਰਵਾਰ ਦੇ ਤਿਆਰ-ਬਰ-ਤਿਆਰ ਸਿੰਘ ਦੀ ਲੋੜ ਹੈ ।

ਫ਼ਾਰਮ ਨੰ: 68–ਇਕ 19 ਸਾਲਾ ਅੰਮ੍ਰਿਤਧਾਰੀ ਕੀਰਤਨੀ ਬੀਬੀ, ਕੱਦ 5 ਫ਼ੁਟ 3 ਇੰਚ, ਲਈ ਗੁਰਮੁਖ ਪ੍ਰਵਾਰ ਦੇ ਤਿਆਰ-ਬਰ-ਤਿਆਰ ਸਿੰਘ ਦੀ ਲੋੜ ਹੈ ।

---

## *ਗੁ: ਸਿੰਘ ਸਭਾ ਬਠਿੰਡਾ ਵਿਖੇ ਰੈਣ ਸਬਾਈ ਕੀਰਤਨ*

੩੧ ਦਸੰਬਰ ਦੀ ਰਾਤ ਨੂੰ ਸ੍ਰੀ ਗੁਰੂ ਸਿੰਘ ਸਭਾ ਬਠਿੰਡਾ ਵਿਖੇ ਸਮੂਹ ਅਖੰਡ ਕੀਰਤਨੀ ਜਥਿਆਂ ਵਲੋਂ ਰੈਣ ਸਬਾਈ ਕੀਰਤਨ ਹੋ ਰਹੇ ਹਨ ।

[ਪੁਛ ਗਿੱਛ : ਪ੍ਰੇਮ ਰੋਲਿੰਗ ਸ਼ਟਰ, ਪੁਰਾਣਾ ਥਾਣਾ, ਬਠਿੰਡਾ]

ਦਾਸਰੇ— ਅਖੰਡ ਕੀਰਤਨੀ ਜੱਥਾ ਬਠਿੰਡਾ



www.AKJ.Org

# A TRIBUTE TO AMERICAN SIKHS

[Sqn. Ldr. Ram Singh ji, Amritsar]

[ ਗੁਰਮੁਖਿਨਾਮਿਮਿਲੈਵਡਿਆਈ ]

Sikh Dharma preached by Guru Nanak Sahib—that reached its culmination during Sri Guru Gobind Singh Sahib's time—found its acceptance in North America, Canada, U.K. and a number of other countries in the recent past. This has been primarily through the devout efforts of Bhai Sahib Harbhajan Singh Khalsa— Acceptance of the Sikh Philosophy by the foreigners is basically because of the virtuous realities in the Sikh doctrine and its precepts from which em rges ever lasting peace of mind.

The divine message had been revealed by the Almighty Guru Nanak Sahib for the benefit of the entire human race (ਉਪਦੇਸੁਚਹੁ ਵਰਨਾਕਉਸਾਂਝਾ)*. This is contained in Sri Guru Granth Sahib—generally expressed as Gurbani which is heart—and—soul of Sikhism.

North America leads other countries in the number of Sikhs. A big batch of them visited Amritsar last month. Their Sikh-attire ; their graceful Sikh form ; their keen sense of worship, · their great respect for prayer books (Gutkas) ; their ability to understand, read and remember Gurbani : their performance at Kirtan congregations ; their sense of service of others ; their religious discipline in getting up early in the morning taking bath, doing Nam Simran and Nit Name have left a deep impression on the minds of the devotees here. We saw them round the clock in and around the Golden Temple (Sri Harmander Sahib) lending their hand in one or the other of the services available in the precincts of the Harmander Sahib, and also joining Kirtan Assemblies. Before the main gates of the porch of the Golden Temple were flung open to the devotees at the start of the early morning prayers, our American brothers and sisters used to be there amongst the devotees. Their attentive and motionless graceful posture while listening to Kirtan with their eyes softly closed is a thing to be emulated by every Sikh.

As a subordinate servant of SURA BOARD I can say with confidence that members of Akhand Kirtani Jatha all over the world hold our foreign Sikh-Brothers and Sisters in great esteem and very close to our heart because all of us are the children of the same father(ਏਕਪਿਤਾਏਕਸਕੇਹਮਬਾਰਕ) and the main object of life of us all is one and the same viz—TO PRACTISE NAM SIMRAN AND TO PREACH AMONG OTHERS.

Enemies of the Khalsa from other faiths helped by the traitor fugitives amongst us cannot bear the sight of growing number of Sikhs in America, Canada and other countries. Out of jealousy these enemies are trying all sort of dirty tricks to cry a halt to the growth of the Khalsa. They have made American Sikhs and their Jathedar as their target. They are trying to hit at the moral base of the Sikh-Brother hood in America. Khalsa Panth in India and American Sikhs are quite aware of these tricks. Efforts of these enemies will not be able to make a dent in the formidable edifice of the World-Khalsa-Brotherhood.

Let the enemies of the Khalsa know that one day the group of Pure human beings (Khalsa) will rule the whole earth and then no individual will remain devoid

*ਸੂਹੀ ਮ: ੫ (੩॥੫੦), ਪੰਨਾ ੭੪੭



www.AKJ.Org

of ਅੰਮ੍ਰਿਤ (Amrit) as per the Almighty Guru's prediction—"ਰਾਜਕਰੇਗਾਖਾਲਸਾਆਕੀਰਹੇਨਕੋਇ" It will be only then that there will be complete peace, full justice and complete absence of corruption on this planet.

The growing numbar of sikhs in other countries is a fore-runner of the fulfilment of Almighty Guru's afore said prediction Yogi ji and American Sikhs should continue playing their commendable role in their contribution towards ushering in that golden era for the benefit of the entire human race. Let the enemies of the Khalsa understand that according to Guru Ji's words (ਜੇਜੇਨਿੰਦਕਰੇਸੰਤਨਕੀਤਿਉਸੰਤਨ ਸੁਖੁਮਾਨਾ)** the more these unsocial elements talk ill of the American Sikhs (ਸੰਤਨ) the more the latter will flourish and prosper The caravan of spirtual ascendancy (Khalsa) will march on undeterred irrespective of what the jealousy ridden individuals may utter.

American Sikhs being highly educated, enlightened, organised, resourceful and disciplined have a responsibility in carrying the message of Guru Sahib to the farthest corner of the world for the emancipation of the human soul through Kirtan and Nam Simran with respiratory frequency (ਸਾਸਿਗਿਰਾਸਿ i.e. ਸਾਸਿ ਸਾਸਿ). This message of Truth has to be carried around the world. May God bless all.

Waheguru Ji Ka Khalsa Waheguru Ji Ki Fateh.

**ਆਸਾ ਮ: ੫ ॥੩ (੪॥੨॥੪੧), ਪੰਨਾ ੩੮੧

# ਮਾਜਰੀ (ਖੰਨਾ) ਵਿਖੇ ਰੈਣ-ਸਬਾਈ ਕੀਰਤਨ

ਸਮੂਹ ਸੰਗਤਾਂ ਦੀ ਸੇਵਾ ਵਿਖੇ ਬਿਨੈ ਹੈ ਕਿ ਭਾਈ ਪ੍ਰੇਮ ਸਿੰਘ ਜਰਨੈਲ ਸਿੰਘ ਜੀ ਦੇ ਗ੍ਰਹਿ ਮਾਜਰ ਵਿਖੇ (ਨੇੜੇ ਖੰਨਾ ਮੰਡੀ, ਖੰਨਾ ਮਲੇਰ ਕੋਟਲਾ ਰੋਡ ਤੇ) ਸ਼ਨੀਵਾਰ ੧੦ ਦਸੰਬਰ ਦੀ ਰਾਤ ਨੂੰ ਮਾਸਕ ਰੈਣ-ਸਬਾਈ ਅਖੰਡ ਕੀਰਤਨ ਹੋ ਰਹੇ ਹਨ। ਆਇ ਦੀਦਾਰ ਬਖ਼ਸ਼ੋ ਤੇ ਅੰਮ੍ਰਿਤ ਛਾਂਦੇ ਭੁੰਚੋ ਜੀ। ਮਾਜਰੀ, ਬੱਸ ਅੱਡਾ ਖੰਨਾ ਤੋਂ ਡੇਢ ਮੀਲ ਹੈ। ਟਰਾਲੀ ਦਾਂ ਪਰਬੰਧ ਬੱਸ ਅੱਡੇ ਤੋਂ ਹੋਵੇਗਾ।

ਪੁਛ ਗਿਛ - ਮਾ: ਉਜਾਗਰ ਸਿੰਘ ਖ਼ਾਲਸਾ, ਫਰਵਾਲੀ ਡਾਕ ਘਰ ਲੌਹਟਵਦੀ (ਸੰਗਰੂਰ)

# ਲੁਧਿਆਣਾ ਵਿਖੇ ਸ੍ਰੀ ਅਖੰਡਪਾਠ ਤੇ ਅਖੰਡ ਕੀਰਤਨ

ਦਾਸ ਦੇ ਗ੍ਰਹਿ ਵਿਖੇ ੧੮ ਦਸੰਬਰ ਐਤਵਾਰ ਨੂੰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਪੈਣਗੇ। ਉਰੰਤ ਦੁਪਹਿਰ ੧੨ ਵਜੇ ਤਕ ਅਖੰਡ ਕੀਰਤਨ ਹੋਣਗੇ। ਸਮੂਹ ਮਾਈ ਭਾਈ ਦਰਸ਼ਨ ਦੇ ਕੇ ਨਿਵਾਜੋ ਜੀ।

ਦਾਸਰਾ—ਗੁਰਚਰਨ ਸਿੰਘ, ੧੪੮—ਐਲ. ਮਾਡਲ ਟਾਊਨ (ਨੇੜੇ ਗੁ: ਸਿੰਘ ਸਭਾ) ਲੁਧਿਆਣਾ

# ਪਿੰਡ ਸੰਸਾਰ ਪੁਰ ਜ਼ਿਲਾ ਜਲੰਧਰ ਵਿਖੇ ਰੈਣ-ਸਬਾਈ ਕੀਰਤਨ

ਗੁਰਦੁਆਰਾ ਪਿੰਡ ਸੰਸਾਰ ਪੁਰ ਵਿਖੇ ਸ਼ਨੀਵਾਰ ੧੦ ਦਸੰਬਰ 1977 ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਸਮੂਹ ਸੰਗਤਾਂ ਪੁੱਜ ਕੇ ਲਾਹੇ ਪ੍ਰਾਪਤ ਕਰਨ। ਪਿੰਡ ਸੰਸਾਰ ਪੁਰ ਜਲੰਧਰ ਬੱਸ-ਅੱਡੇ ਤੋਂ ਚਾਰ ਮੀਲ ਨੂਰ ਮਹਿਲ—ਤਲਵਣ ਰੋਡ ਤੇ ਹੈ। ਆਖ਼ਰੀ ਬੱਸ ਜਲੰਧਰ ਬੱਸ-ਸਟੈਂਡ ਦੇ ਬੂਥ ਨੰ: ੧੮ ਤੋਂ ਸ਼ਾਮ ਨੂੰ ੭-੩੦ ਵਜੇ ਨੂਰ ਮਹਿਲ ਨੂੰ ਚਲਦੀ ਹੈ। ਪ੍ਰਾਰਥਕ ਦਾਸਰੇ – ਸਾਧ ਸੰਗਤ ਸੰਸਾਰ ਪੁਰ



www.AKJ.Org

# ਯੂ. ਕੇ. ਵਿਖੇ ਗੁਰਬਾਣੀ ਦੀ ਅੰਮ੍ਰਿਤ-ਵਰਖਾ

ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਵਸ ਸਮੇਂ, ਕ੍ਰਿਸਮਿਸ ਦੀਆਂ ਛੁਟੀਆਂ ਵਿਚ ੨੫-੨੬-੨੭ ਦਸੰਬਰ ਨੂੰ ਇੰਗਲੈਂਡ ਨਿਵਾਸੀ ਸਿੰਘਾਂ ਸਿੰਘਣੀਆਂ ਵਲੋਂ ਸ੍ਰੀ ਅਖੰਡਪਾਠ, ਅਖੰਡ ਕੀਰਤਨ ਤੇ ਅੰਮ੍ਰਿਤ-ਸੰਚਾਰ ਦੇ ਪ੍ਰੋਗਰਾਮ ਹੇਠ ਲਿਖੇ ਅਸਥਾਨ ਤੇ ਹੋ ਰਹੇ ਹਨ। ਯੂ. ਕੇ. ਨਿਵਾਸੀ ਸਭ ਮਾਈ ਭਾਈ ਹਾਜ਼ਰੀਆਂ ਭਰ ਕੇ ਅੰਮ੍ਰਿਤ-ਬਾਣੀ ਦੇ ਰਸ ਭੁੰਚਣ। ਪ੍ਰੋਗਰਾਮ ਅਸਥਾਨ—

ਹਰਬਖ਼ਸ਼ ਸਿੰਘ ਸਰਾਏ, 110-A, Lutan Road, Chatham-Kent, Phone : 0634-407547

---

# ਪਿੰਡ ਬਰਾੜ (ਜ਼ਿਲਾ ਅੰਮ੍ਰਿਤਸਰ) ਵਿਖੇ ਰੈਣ-ਸਬਾਈ ਕੀਰਤਨ

੭ ਜਨਵਰੀ ੧੯੭੮ ਸ਼ਨੀਵਾਰ ਨੂੰ ਬਰਾੜ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਰੈਣ-ਸਬਾਈ ਕੀਰਤਨ ਹੋਣਗੇ। ਚੁਗਾਵਾਂ—ਲੋਪੋਕੇ ਰੋਡ ਉਤੇ ਕੋਹਾਲੀ ਅੰਮ੍ਰਿਤਸਰ ਤੋਂ ਬਾਰ੍ਹਾਂ ਮੀਲ ਹੈ। ਕੋਹਾਲੀ ਤੋਂ ਪਿੰਡ ਦੋ ਮੀਲ ਹੈ। ਪਿੰਡ ਲਈ ਸਿੱਧੀ ਬੱਸ ਅੰਮ੍ਰਿਤਸਰ ਅੱਡੇ ਤੋਂ ਚਾਰ ਵਜੇ ਸ਼ਾਮ ਮਿਲਦੀ ਹੈ ਤੇ ਕੋਹਾਲੀ ਲਈ ਬੱਸਾਂ ਆਮ ਮਿਲਦੀਆਂ ਹਨ।

ਪ੍ਰਾਰਥਕ ਦਾਸ—ਗੁਲਜ਼ਾਰ ਸਿੰਘ, ਪਿੰਡ ਬਰਾੜ

---

*ਵੇਰਵੇ ਸਹਿਤ ਪ੍ਰੋਗਰਾਮ ਅਗਲੇ ਪਰਚਿਆਂ ਵਿਚ*

## ੧. ਪਟਿਆਲਾ ਸਾਲਾਨਾ ਸਮਾਗਮ ੧੬ ਤੋਂ ੧੯ ਫ਼ਰਵਰੀ ਨੂੰ ਹੋ ਰਹੇ ਹਨ।

## ੨. ਭਾਈ ਸਾਹਿਬ ਰਣਧੀਰ ਸਿੰਘ ਜਨਮ ਸ਼ਤਾਬਦੀ ਕੀਰਤਨ ਪ੍ਰੋਗਰਾਮ

*ਸੰਮਿਲਤ ਕੀਰਤਨੀ ਜੱਥਿਆਂ ਵੱਲੋਂ ੧੧ ਤੋਂ ੧੩ ਮਾਰਚ ਨੂੰ ਕਪੂਰਥਲੇ ਵਿਖੇ*

ਇਨ੍ਹਾਂ ਤਰੀਕਾਂ ਤੇ ਹੋਰ ਪ੍ਰੋਗਰਾਮ ਨਾ ਰਖੇ ਜਾਣ।

---

# ਖੇੜੀ ਸਲਾਬਤਪੁਰ (ਜ਼ਿਲਾ ਰੋਪੜ) ਵਿਖੇ ਸ਼ਹੀਦੀ ਗੁਰਪੁਰਬ

ਭਾਈ ਕਰਨੈਲ ਸਿੰਘ (ਆਰੇ ਵਾਲੇ) ਚੌਂਕ ਰਾਮਗੜ੍ਹੀਆ, ਮੋਗਾ ਇਤਲਾਹ ਦਿੰਦੇ ਹਨ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ੩੦੨ਵਾਂ ਸ਼ਹੀਦੀ ਦਿਵਸ ੩੧ ਦਸੰਬਰ ਸ਼ਨੀਵਾਰ ਨੂੰ ਅਖੰਡ ਕੀਰਤਨੀ ਜੱਥੇ ਵੱਲੋਂ ਮਨਾਇਆ ਜਾ ਰਿਹਾ ਹੈ। ਸਵੇਰੇ ੬ ਤੋਂ ੧੨ ਤਕ ਆਸਾ ਦੀ ਵਾਰ ਉਪਰੰਤ ਅਖੰਡ ਕੀਰਤਨ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ। ਸਮੂਹ ਇਲਾਕਾ ਨਿਵਾਸੀ ਸੰਗਤਾਂ ਪਿੰਡ ਸਲਾਬਤਪੁਰ ਖੇੜੀ ਵਿਚ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖ਼ੁਸ਼ੀਆਂ ਪ੍ਰਾਪਤ ਕਰੋ ਜੀ। ਇਹ ਪਿੰਡ ਚਮਕੌਰ ਸਾਹਿਬ—ਰੋਪੜ ਰੋਡ ਉਤੇ ਕਮਾਲਪੁਰ ਦੇ ਪੁਲ ਤੋਂ ਅੱਧਾ ਕਿਲੋਮੀਟਰ ਅਤੇ ਰੋਪੜ ਤੋਂ ੮ ਕਿਲੋਮੀਟਰ ਹੈ।

---

**ਜ਼ਰੂਰੀ ਬੇਨਤੀ—** ਪਾਠਕ ਸਜਣ ਆਪਣੇ ਚੰਦੇ ਵੇਲੇ ਸਿਰ ਭੇਜ ਦਿਆ ਕਰਨ, ਨਹੀਂ ਤਾਂ ਪਰਚਾ ਬੰਦ ਹੋ ਜਾਣ, ਅਤੇ ਮੁੜ ਜਾਰੀ ਕਰਨ ਵਿਚ ਕਾਫ਼ੀ ਕੱਟ-ਵਢ ਕਰਨੀ ਪੈਂਦੀ ਹੈ।

(੨) ਕਈ ਸਜਣਾਂ ਦੇ ਪਰਚੇ, ਚੰਦਾ ਮਨੀਆਰਡਰ ਕਰਾਉਣ ਦੀ ਘੌਲ ਕਾਰਨ ਬੰਦ ਹੋ ਜਾਂਦੇ ਹਨ। ਉਨ੍ਹਾਂ ਲਈ ਚੰਗਾ ਸੁਝਾ ਇਹੋ ਹੈ ਕਿ ਇਕੋ ਵਾਰ ਸੌ ਰੁਪਿਆ ਭੇਜ ਕੇ ਅਮਾਨਤੀ ਲਾਈਫ਼ ਮੈਂਬਰ ਬਣ ਜਾਣ।



www.AKJ.Org

# 'ਸੂਰਾ' ਮਾਸਕ ਪੱਤਰ ਦੇ ਨਵੇਂ ਅਮਾਨਤੀ ਲਾਈਫ਼ ਮੈਂਬਰ

ਹੇਠ ਲਿਖੇ ਮੈਂਬਰਾਂ ਵਿਚੋਂ "ਦਸਮੇਸ਼ ਰਿਲੀਜਸ ਚੈਰੀਟੇਬਲ ਟਰੱਸਟ ਯੂ. ਕੇ" ਦੇ ਸਾਢੇ ਛੇ ਸੌ ਰੁਪਏ ਅਤੇ ਬਾਕੀਆਂ ਦੇ ਸੌ ਸੌ ਰੁਪਏ ਪੁਜੇ ਹਨ, ਜਿਨ੍ਹਾਂ ਦੀਆਂ ਐਫ਼. ਡੀਆਂ ਦੇ ਨੰਬਰ ਸਾਮ੍ਹਣੇ ਦਰਜ ਹਨ।

| | | | | |
|---|---|---|---|---|
| 314. | ਸ: ਕ੍ਰਿਪਾਲ ਸਿੰਘ ਖ਼ਾਲਸਾ ਨਿਸ਼ਾਨ ਮੇਕਰ | ਚਿਟ ਨੰ: 3314) | 778525/1452/77 | ਮਿਤੀ 29.11.77 |
| 315. | ਸ: ਗੁਰਚਰਨ ਸਿੰਘ S/o ਸ: ਰਾਜਾ ਸਿੰਘ ਜੀ | ( ,, 3315) | 778526/1453/77 | ,, |
| 316. | ਸ: ਦਰਬਾਰਾ ਸਿੰਘ ਜੀ ਲਖਨਊ | ( ,, 3316) | 778527/1454/77 | ,, |
| 317. | ਦਸਮੇਸ਼ ਰਿਲੀਜਸ ਚੈਰੀਟੇਬਲ ਟ੍ਰੱਸਟ ਯੂ.ਕੇ | ( ,, 2162) | 778528/1455/77 | ,, |
| 318. | W.O. ਹਰਪਾਲ ਸਿੰਘ ਜੀ (ਰੀਟਾ.) | ( ,, 3318) | 778529/1456/77 | ,, |
| 319. | ਭਾ: ਦਲਜਿੰਦਰ ਸਿੰਘ ਚਾਹਿਲ | ( ,, 3319) | 778530/1457/77 | ,, |
| 320. | ਗੁ: ਸਾਹਿਬ N.D.A. ਖੜਕਵਾਸਲਾ | ( ,, 3320) | 778531/1458/77 | ,, |
| 321. | ਡਾ: ਬਲਦੇਵ ਸਿੰਘ ਰਤਨ Asst/Surgeon | ( ,, 3321) | 778532/1459/77 | ,, |
| 322. | ਸ: ਕਰਤਾਰ ਸਿੰਘ B.A., B. Ed. | ( ,, 3322) | 778533/1460/77 | ,, |
| 323. | ਸ: ਸਵਰਨਦਾਸ ਸਿੰਘ ਜੀ | ( ,, 3323) | 778534/1461/77 | ,, |

# ਭਾਈ ਸਾਹਿਬ ਰਣਧੀਰ ਸਿੰਘ ਨੰਬਰ

## *ਸੌ ਸਾਲਾ ਜਨਮ-ਸ਼ਤਾਬਦੀ ਸਮੇਂ ਜੁਲਾਈ 1978 ਵਿਚ ਪ੍ਰਕਾਸ਼ਕ ਹੋਵੇਗਾ।*

ਭਾਈ ਸਾਹਿਬ ਜੀ ਦੀ ਜੀਵਨੀ ਦੇ ਵਿਸ਼ਾਲ ਪਹਿਲੂ ਹਨ। ਆਪ ਜੀ ਦੀ ਸ਼ਖ਼ਸੀਅਤ ਮਹਾਨ ਸੀ। ਆਪ ਵਿਚ ਪੰਥਕ ਜਜ਼ਬਾ ਅੰਤਾਂ ਦਾ ਸੀ। ਨਿਰਭੈਤਾ ਇੰਨੀ ਕਿ ਵਡੇ ਵਡੇ ਖਬੀਖਾਨਾਂ ਤੇ ਰਾਜਿਆਂ ਮਹਾਰਾਜਿਆਂ ਨੂੰ ਬੋਲਣ ਜੋਗਾ ਨਹੀਂ ਸੀ ਰਹਿਣ ਦਿੰਦੇ। ਆਪ ਗੁਰਮਤਿ ਦੇ ਮਹਾਨ ਸੂਝਵਾਨ ਅਤੇ ਵਿਆਖਿਆਕਾਰ ਸਨ। ਆਪ ਅੰਮ੍ਰਿਤ ਨੂੰ ਨਿਰੀ ਇਕ ਰਸਮ ਹੀ ਨਹੀਂ ਮੰਨਦੇ ਸਗੋਂ ਜੀਅ ਦਾਨ ਬਖ਼ਸ਼ਣ ਵਾਲੀ ਇਲਾਹੀ ਦਾਤ ਜਾਣਦੇ ਹਨ। ਅਲੋਪ ਹੋ ਰਹੀ ਗੁਰਮਤਿ ਰਹਿਤ-ਰਹਿਣੀ ਅਤੇ ਗੁਰਮਤਿ ਬਿਬੇਕ ਨੂੰ ਆਪ ਜੀ ਨੇ ਸੰਸਾਰਕ, ਵਿਹਾਰਕ ਤੇ ਪਰਮਾਰਥਕ ਪੱਖਾਂ ਤੋਂ ਖ਼ੂਬ ਉਜਾਗਰ ਕੀਤਾ ਹੈ। ਅਨਹਦ ਸ਼ਬਦ ਦਸਮ ਦੁਆਰ ਨੂੰ ਜੋਗ ਮਤ ਦੇ ਖੇਡ-ਖਿਡਊਆਂ ਨਾਲੋਂ ਚੰਗੀ ਤਰ੍ਹਾਂ ਨਿਖੇੜ ਕੇ ਅਸਲੀਅਤ ਦ੍ਰਿੜਾਈ ਹੈ। ਜਿਥੇ ਆਪ ਗੁਰਬਾਣੀ-ਅਖੰਡ ਕੀਰਤਨ ਦੇ ਰਸਿਕ ਢਾਡੀ ਸਨ ਉਥੇ ਆਪ ਰੱਬੀ ਰੰਗਾਂ ਵਿਚ ਰੰਗੀਲੀ ਕਵਿਤਾ ਦੇ ਅਲੌਕਿਕ ਕਵੀ ਵੀ ਸਨ।

***ਲਿਖਾਰੀ ਸਜਣ*** ਵਖ ਵਖ ਪਹਿਲੂਆਂ ਤੋਂ ਆਪੋ ਆਪਣੇ ਲੇਖ ਹੁਣ ਤੋਂ ਲਿਖ ਕੇ ਭੇਜਣੇ ਅਰੰਭ ਕਰ ਦੇਣ, ਤਾਕਿ ਵਕਤ ਸਿਰ ਤਰਤੀਬ ਦਿਤੀ ਜਾ ਸਕੇ। ***ਪਾਠਕ ਸਜਣ*** ਪਰਚਾਰਨ ਹਿਤ ਇੱਕਠੀਆਂ ਕਾਪੀਆਂ ਮੰਗਾਣ ਲਈ ਛੇਤੀ ਹੀ ਆਪਣੇ ਆਰਡਰ ਭੇਜ ਦੇਣ, ਤਾਕਿ ਉਨੀਆਂ ਕਾਪੀਆਂ ਵਧ ਛਪ ਸਕਣ। ਕਈ ਚਿਤਰ ਅਤੇ ਸੌ ਤੋਂ ਵਧ ਸਫ਼ੇ ਹੋਣਗੇ। ਭੇਟਾ ਲਾਗਤ ਮਾਤਰ।

## *ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ*

| | | | |
|---|---|---|---|
| ਅਣਡਿਠੀ ਦੁਨੀਆ | ੬-੨੫ | ਰੰਗਲੇ ਸਜਣ | ੪-੦੦ |
| ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ ? | ੩-੦੦ | ਗੁਰਮਤਿ ਬਿਬੇਕ | ੭-੫੦ |
| ਗੁਰਮਤਿ ਸਚ ਨਿਰਣੈ | ੬-੦੦ | ਅੰਮ੍ਰਿਤ ਕੀ ਹੈ | ੨-੦੦ |
| ਗੁਰਮਤਿ ਨਾਮ ਅਭਿਆਸ ਕਮਾਈ ੪-੫੦, | ੬-੫੦ | ਅੰਮ੍ਰਿਤ ਕਲਾ | ੦-੪੦ |
| ਝਟਕਾ ਮਾਸ ਪ੍ਰਥਾਇ ਤਤ ਨਿਰਣੈ | ੩-੦੦ | ਸਿਖ ਕੌਣ ਹੈ | ੦-੩੦ |
| ਗੁਰਮਤਿ ਰਮਜ਼ਾਂ | ੧-੩੦ | ਸੱਚੀਆਂ ਦਾੜ੍ਹੀਆਂ | ੦-੩੦ |
| ਸਿੰਘਾਂ ਦਾ ਪੰਥ ਨਿਰਾਲਾ | ੦-੫੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ੦-੪੦ |
| ਚਰਨ ਕਮਲ ਕੀ ਮਉਜ | ੦-੭੫ | ਗੁਰੂ ਮੇਰੈ ਸੰਗਿ ਸਦਾ ਹੈ ਨਾਲੇ | ੦-੨੫ |
| ਜੀਵਨ ਚਰਿਤਰ ਭਾ: ਸਾ: ਰਣਧੀਰ ਸਿੰਘ | ੧-੦੦ | ਗੁਰਬਾਣੀ ਦੀ ਪਾਰਸ ਕਲਾ | ੦-੪੦ |

www.AKJ.Org

# ਜਨਮ ਉਤਸ਼ਵ ਸ੍ਰੀ ਕਲਗੀਧਰ ਪਾਤਸ਼ਾਹ ਦਾ ਕੇਂਦਰੀ ਸਾਲਾਨਾ ਸਮਾਗਮ

## *ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਜਨਮ ਸ਼ਤਾਬਦੀ ਸਮਾਗਮ ਸੰਯੁਕ*

## *੧੩ ਤੋਂ ੧੬ ਜਨਵਰੀ ੧੯੭੮ ਨੂੰ ਲੁਧਿਆਣਾ ਵਿਖੇ*

ਭਾਰਤ ਭਰ ਦੀਆਂ ਸਿਖ ਸੰਗਤਾਂ ਵਲੋਂ ਧੂਮ ਧਾਮ ਨਾਲ ਮਨਾਇਆ ਜਾ ਰਿਹਾ ਹੈ, ਵੇਰਵੇ ਸਹਿਤ ਪ੍ਰੋਗਰਾ ਜਨਵਰੀ ਦੇ 'ਸੂਰਾ' ਪੱਤਰ ਵਿਚ ਦਿਤਾ ਜਾਵੇਗਾ।

ਦਾਸਰੇ—ਅਖੰਡ ਕੀਰਤਨੀ ਜੱਥਾ,ਲੁਧਿਆਣਾ

---

# ਨੌਵੇਂ ਪਾਤਸ਼ਾਹ ਜੀ ਦਾ ਸ਼ਹੀਦੀ ਗੁਰਪੁਰਬ ਗੁ: ਪਾਤਸ਼ਾਹੀ ੯ ਬੰਗਾ ਵਿਖੇ

ਇਲਾਕੇ ਦੀਆਂ ਸਮੂਹ ਸੰਗਤਾਂ ਵਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਸ਼ਹੀਦੀ ਗੁਰਪੁਰਬ ਪਿਛਲੇ ਸਾਲ ਵਾਂਗ ਗੁਰਦੁਆਰਾ ਚਰਨ ਕਮਲ ਪਾਤਸ਼ਾਹੀ ੯ ਵਿਖੇ ੧੫ ਦਸੰਬਰ ਵੀਰਵਾਰ ਤੋਂ ੧੮ ਦਸੰਬ ਐਤਵਾਰ ਸਵੇਰ ਤਕ ਮਨਾਇਆ ਜਾ ਰਿਹਾ ਹੈ। ਸਮੂਹ ਮਾਈ ਭਾਈ ਗੁਰ-ਚਰਨਾਂ ਵਿਚ ਹਾਜ਼ਰੀਆਂ ਭਰ ਕੇ ਕੀਰਤਨਾਂ ਦੇ ਲਾਹੇ ਪ੍ਰਾਪਤ ਕਰੋ ਜੀ।

### *ਪ੍ਰੋਗਰਾਮ :-*

੧੫-੧੨-੭੭ ਅੰਮ੍ਰਿਤ ਵੇਲੇ ਅਖੰਡ ਕੀਰਤਨ ਉਪਰੰਤ ਅਰੰਭ ਸ੍ਰੀ ਅਖੰਡਪਾਠ ਗੁ: ਚਰਨ ਕੰਵਲ ਵਿਖੇ
੧੬-੧੨-੭੭ ਸ਼ਾਮ ੭ ਤੋਂ ੧੦ ਅਖੰਡ ਕੀਰਤਨ ਗੁ: ਸ੍ਰੀ ਗੁਰੂ ਸਿੰਘ ਸਭਾ, ਨੇੜੇ ਬਸ ਸਟੈਂਡ
੧੭-੧੨-੭੭ ਸਵੇਰੇ ਪੰਜ ਵਜੇ ਭੋਗ ਸ੍ਰੀ ਅਖੰਡਪਾਠ, ਉਪਰੰਤ ਦੁਪਹਿਰ ਤਕ ਅਖੰਡ ਕੀਰਤਨ, ਗੁ: ਚਰਨ ਕੰਵਲ ਵਿਖੇ
ਸ਼ਾਮ ਨੂੰ ਅਠ ਵਜੇ ਅੰਮ੍ਰਿਤ-ਸਿੰਚਾਰ ਅਤੇ ਰੈਣ ਸਬਾਈ ਕੀਰਤਨ ਗੁ: ਚਰਨ ਕੰਵਲ ਵਿਖੇ

ਨੋਟ :-ਗੁ: ਚਰਨ ਕੰਵਲ ਪਾ: ੯ ਬੰਗਾ (ਫਗਵਾੜਾ-ਨਵਾਂ ਸ਼ਹਿਰ ਰੋਡ ਉਤੇ) ਮੇਨ ਰੋਡ ਤੇ ਹੈ।

ਪ੍ਰਾਰਥਕ—ਹਰਬੰਸ ਸਿੰਘ ਤੇਗ ਮੈਨੇਜਰ, ਗੁਰਦਵਾਰਾ ਚਰਨ ਕੰਵਲ ਜੀਂਦੋਵਾਲ, ਬੰਗਾ

---

# ਸ਼ਹੀਦੀ ਪ੍ਰੋਗਰਾਮ ਫ਼ਤਹਗੜ੍ਹ ਸਾਹਿਬ ਵਿਖੇ

ਬਾਬਾ ਜ਼ੋਰਾਵਰ ਸਿੰਘ ਤੇ ਫ਼ਤਹ ਸਿੰਘ ਜੀ ਸ਼ਹੀਦਾਂ ਦੀ ਯਾਦ ਵਿਚ ਗੁਰਦੁਆਰਾ ਫ਼ਤਹਗੜ੍ਹ ਸਾਹਿਬ ਵਿਚ ਸਮੂਹ ਅਖੰਡ ਕੀਰਤਨ ਜੱਥਿਆਂ ਵਲੋਂ 26.12.77 ਸੋਮਵਾਰ ਨੂੰ ਸਵੇਰੇ ਆਸਾ ਦੀ ਵਾਰ ਦਾ ਹਜ਼ੂਰੀ ਕੀਰਤਨ ਹੋਣਾ ਹੈ ਅਤੇ ਰਾਤ ਨੂੰ ਗੁਰਦੁਆਰਾ ਜੋਤੀ ਸਰੂਪ ਵਿਚ ਰੈਣ ਸਬਾਈ ਕੀਰਤਨ ਹੋਣਗੇ। ਸਮੂਹ ਮਾਈ ਭਾਈ, ਮਹਾਨ ਸ਼ਹੀਦਾਂ ਦੀ ਯਾਦ ਮਨਾਉਣ ਲਈ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ। ਪੁਛ ਗਿਛ—ਸੰਤ ਕ੍ਰਿਪਾਲ ਸਿੰਘ,ਗੁ:ਸਾ:ਪਾ: ੯ ਨੰਦਪੁਰ ਕਲੌੜ,ਤਸੀਲ ਸਰਹੰਦ (ਪਟਿਆਲਾ)

ਪ੍ਰਾਰਥਕ—ਅਖੰਡ ਕੀਰਤਨੀ ਜੱਥਾ ਪਟਿਆਲਾ, ਖਰੜ, ਚੰਡੀਗੜ੍ਹ, ਸ਼ਤਰਾਣਾ

---

## *ਜੀਵਨ ਚਰਿਤਰ ਭਾਈ ਸਾਹਿਬ ਰਣਧੀਰ ਸਿੰਘ ਜੀ*

ਭਾਈ ਸਾਹਿਬ ਰਣਧੀਰ ਸਿੰਘ ਜੀ ਦਾ ਸੰਪੂਰਨ ਪਰ ਸੰਖੇਪ ਜੀਵਨ 'ਸੂਰਾ' ਪਰਵਾਰ ਵਲੋਂ ਅੰਕਿਤ ਕੀਤਾ ਗਿਆ ਹੈ। ਇਸ ਪੁਸਤਕ ਵਿਚ ਜਨਮ ਤੋਂ ਲੈ ਕੇ ਅਕਾਲ ਚਲਾਣੇ ਤਕ ਦੇ ਬ੍ਰਿਤਾਂਤ ਤਰੀਕਵਾਰ, ਜੇਲ੍ਹ ਚਿਠੀਆਂ, ਰੰਗਲੇ ਸਜਣ ਤੇ ਭਾਈ ਸਾਹਿਬ ਲਿਖਤ ਹੋਰ ਪੁਸਤਕਾਂ ਦੇ ਅਧਾਰ ਤੇ ਦਰਜ ਹਨ। ਕਈ ਸਮਾਚਾਰ ਹੋਰ ਥਾਵਾਂ ਤੋਂ ਲਏ ਗਏ ਹਨ ਅਤੇ ਅਖੀਂ ਡਿਠੇ - ਸੁਣੇ - ਵਾਪਰੇ ਹਾਲ ਵੀ ਸ਼ਾਮਲ ਕੀਤੇ ਗਏ ਹਨ। ਬਹੁਤ ਹਦ ਤਕ ਭਾਈ ਸਾਹਿਬ ਦੀ ਸ਼ਬਦਾਵਲੀ ਹੀ ਵਰਤੀ ਗਈ ਹੈ। ਪੁਸਤਕ ਪੜ੍ਹ ਕੇ ਸਿੱਖੀ ਲਈ ਦ੍ਰਿੜ੍ਹ ਵਿਸ਼ਵਾਸ, ਸ੍ਵੈ-ਭਰੋਸਾ ਤੇ ਪਰਮਾਰਥੀ ਬੈਰਾਗ ਉਤਪੰਨ ਹੁੰਦਾ ਹੈ। ਸਫ਼ੇ ੧੨੦, ਭੇਟਾ ਕੇਵਲ ਇਕ ਰੁਪਿ

www.AKJ.Org